ਅ=ਕੁਲ ਪੋਲਾ– ਸੇਵੀਲੇ ਗੋਪਾਲ ਰਾਇ; ਅਕੁਲ ਨਿਰੰਜਨ॥ ਭਗਤਿ ਦਾਨੁ ਦੀਜੈ; ਜਾਚਹਿ ਸੰਤ ਜਨ॥ ੧॥ ਰਹਾਉ॥ ਦਸੋ ਦਿਸ਼ਾਂ[੧] ਦਿਗ ਪਾਲ। ਕਨਾਤਾਂ[੨] ਚਿਤ੍ਰਕਾਰੀ ਵਾਲਾ ਘਰ[੩] ਪੁਰੀਆਂ[੪] ਹਨ। ਦਿਗ ਪੋਲਾ ਜਾਂ=ਚੈ– ਜਾਂਚੈ ਘਰਿ, ਦਿਗ ਦਿਸੈ[੧] ਸਰਾਇਚਾ[੨]; ਬੈਕੁੰਠ ਭਵਨ ਚਿਤ੍ਰ ਸਾਲਾ[੩]; ਸਪਤ ਲੋਕ. ਸਾਮਾਨਿ ਪੂਰੀਅਲੇ[੪]॥) ਜਾ ਕੇ[੫]। ਦਾਸੀ[੬]। ਤਮਾਸ਼ ਬੀਨ[੭] ਵਿਚਾਰਾ[੮] ਮੱਥੇ[੯] ਦਾ ਲੇਖ– ਜਾਂਚੈ[੫] ਘਰਿ. ਲਛਿਮੀ ਕੁਆਰੀ[੬]; ਚੰਦੁ ਸੂਰਜੁ ਦੀਵੜੇ. ਕਉਤਕੁ[੭] ਕਾਲੁ ਬਪੁੜਾ[੮]; ਕੋਟਵਾਲੁ ਸੁ ਕਰਾ ਸਿਰੀ[੯]॥) ਸੁ ਐਸਾ ਰਾਜਾ; ਸ੍ਰੀ ਨਰਹਰੀ॥) ਘੁਮਿਆਰ[੧੦]। ਸ੍ਰੀਰਕ ਕੱਦਾਂ ਰੂਪੀ ਡੋਲਾਂ ਨੂੰ ਬਨੌਣ ਵਾਲੇ[੧੧]। ਸੰਪੂਰਨ[੧੨]। ਬਿਸ੍ਵ ਅੱਧਾ ਵਾਵਾ ਪੋਲਾ ਬੋਲੋ, ਪੂਰਾ ਵਾਵਾ ਭਰਵਾਂ ਬੋਲੀਦਾ ਹੈ, ਰਾਚੀ=ਲੇ– ਜਾਂਚੈ ਘਰਿ, ਕੁਲਾਲੁ[੧੦] ਬ੍ਰਹਮਾ, ਚਤੁਰ ਮੁਖੁ ਡਾਂਵੜਾ[੧੧]; ਜਿਨਿ ਬਿਸ੍ਵ[੧੨] ਸੰਸਾਰੁ ਰਾਚੀਲੇ॥) ਸ਼ਿਵ[੧੩] ਜੀ। ਮਸਤਾਨੇ[੧੪]। ਆਖਦੇ[੧੫]। ਭਾਖੀ=ਲੇ– ਜਾਂ ਕੈ ਘਰਿ, ਈਸਰੁ[੧੩] ਬਾਵਲਾ[੧੪], ਜਗਤ ਗੁਰੂ ਤਤ ਸਾਰਖਾ; ਗਿਆਨੁ ਭਾਖੀਲੇ[੧੫]॥) ਚੋਬਦਾਰ[੧੬]– ਪਾਪੁ ਪੁੰਨੁ ਜਾਂਚੈ ਡਾਂਗੀਆ[੧੬] ਦੁਆਰੈ; ਚਿਤ੍ਰ ਗੁਪਤੁ ਲੇਖੀਆ॥) ਪਰਲੌਂ[੧੭] ਕਰਨ ਵਾਲੇ। ਦਾਸ, ਦਫ਼ਤਰੀ[੧੮]– ਧਰਮਰਾਇ; ਪਰੁਲੀ[੧੭] ਪ੍ਰਤਿਹਾਰੁ[੧੮]॥) ਸੋ ਐਸਾ ਰਾਜਾ; ਸ੍ਰੀ ਗੋਪਾਲੁ॥ ੨॥ ਸੁੰਦਰ[੧੯]। ਹਨ[੧੯]। ਗੰ=ਧਰਬ। ਬਪੁੜੇ– ਜਾਂਚੈ ਘਰਿ ਗਣ ਗੰਧਰਬ, ਰਿਖੀ ਬਪੁੜੇ; ਢਾਢੀਆ ਗਾਵੰਤ ਆਛੈ[੧੯]॥) ਬਟਰੂਪੀਆ[੨੦] ਭਾਰੀ[੨੧] ਜਗ੍ਹਾ[੨੨] ਰਾਜੇ[੨੩] ਸੁੰਦਰ[੨੪]।

ਬਹੁ=ਰੂਪੀਆ, ਅਨ=ਗਰੂਆ– ਸਰਬ ਸਾਸਤ੍ਰ ਬਹੁਰੂਪੀਆ[੨੦], ਅਨਗਰੂਆ[੨੧] ਆਖਾੜਾ[੨੨]; ਮੰਡਲੀਕ[੨੩]. ਬੋਲ ਬੋਲਹਿ ਕਾਛੇ[੨੪]॥ ਚਉਰ ਢੁਲ; ਜਾਂਚੈ ਹੈ ਪਵਣੁ॥) ਦਾਸੀ[੨] ਮਾਇਆ[੨੫]– ਚੇਰੀ[੨] ਸਕਤਿ[੨੫]; ਜੀਤਿ ਲੇ ਭਵਣੁ॥) ੨੧ ਪੁਰੀਆਂ ਦੇ ਬ੍ਰਹਮੰਡ[੨੬] ਦਾ। ਟੁਕੜਾ[੨੭] ਸਾਰੀ ਧਰਤੀ ਸੂਰਜ ਚੰਦ ਤਾਰੇ ਦਿਸ ਰਿਹਾ ਪਸਾਰਾ। ਚੁੱਲ੍ਹਾ[੨੮]। ਭਸ=ਮਤੀ– ਅੰਡ[੨੬] ਟੂਕ[੨੭]; ਜਾਚੈ ਭਸਮਤੀ[੨੮]॥) ਸੋ ਐਸਾ ਰਾਜਾ; ਤ੍ਰਿਭਵਣ ਪਤੀ॥ ੩॥ ਕੱਛ[੨੯] ਅਵਤਾਰ। ਪਲੰਘ[੩੦] ਸ਼ੇਸ਼ਨਾਗ ਸੇਜਾ[੩੧] ਹੈ। ਬਾਸਕ ਨਾਗ ਸੇਜ ਬੰਦ[੩੨] ਹੈ– ਜਾਂਚੈ ਘਰਿ ਕੂਰਮਾ[੨੯] ਪਾਲੁ[੩੦]; ਸਹਸ੍ਰਫਨੀ[੩੧], ਬਾਸਕੁ ਸੇਜਵਾਲੂਆ[੩੨]॥) ਝਿਊਰੀਆਂ[੩੩] ਛਿਨ=ਵੈ, ਮਾਲਾ ਪੋਲਾ– ਅਠਾਰਹ ਭਾਰ ਬਨਾਸਪਤੀ ਮਾਲਣੀ; ਛਿਨਵੈ ਕਰੋੜੀ ਮੇਘ ਮਾਲਾ,

ਪਾਣੀਹਾਰੀਆ[੩੩]॥) ਮੁੜ੍ਹਕਾ[੩੪] ਗੰਗਾ[੫੦]। ਨਖ ਪੋਲਾ– ਨਖ ਪ੍ਰਸੇਵ[੩੪]; ਜਾਚੈ ਸੁਰਸਰੀ[੫੦]॥) ਘੜੇਸਨੀ[੩੫]– ਸਪਤ ਸਮੁੰਦ; ਜਾਂਚੈ ਘੜਥਲੀ[੩੫]॥) ਏਤੇ ਜੀਅ; ਜਾਂ ਚੈ ਵਰਤਣੀ॥ ਸੋ ਐਸਾ ਰਾਜਾ; ਤ੍ਰਿਭਵਣ ਧਣੀ॥ ੪॥) ਭੀਸਮ[੩੬] ਪਿਤਾਮਾ, ਨੇਜਾਭਗਤ[੩੬]। ਰਚਦੇ[੩੭]। ਕੌਤਕ[੩੮]। ਗੰ–ਧਰਬ– ਜਾਂਚੈ ਘਰਿ ਨਿਕਟ ਵਰਤੀ, ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ[੩੬]; ਸਿਧ ਬੁਧ ਗਣ ਗੰਧਰਬ, ਬਾਨਵੈ[੩੭] ਹੇਲਾ[੩੮]॥) ਘਰੀ ਬਿੰਦੀ ਨਹੀਂ ਲਾਉਣੀ– ਏਤੇ ਜੀਅ; ਜਾਂਚੈ ਹਹਿ ਘਰੀ॥) ਸਰਬ ਬਿਆਪਿਕ; ਅੰਤਰ ਹਰੀ॥ ਪ੍ਰਣਵੈ ਨਾਮਦੇਉ; ਤਾਂ ਚੀ ਆਣਿ॥ ਸਗਲ ਭਗਤ; ਜਾ ਚੈ ਨੀਸਾਣਿ॥ ੫॥ ੧॥)

ਤੁਮਰੇ ਗੁਨ ਅਗਮ ਅਗੋਚਰ; ਏਕ ਜੀਹ. ਕਿਆ ਕਥੈ ਬਿਚਾਰੀ; ਰਾਮ ਰਾਮ. ਰਾਮ ਰਾਮ ਲਾਲ॥) ਅ–ਕਥ ਕਥਾ ਪੋਲੇ– ਤੁਮਰੀ ਜੀ ਅਕਥ ਕਥਾ. ਤੂ ਤੂ ਤੂਹੀ ਜਾਨਹਿ; ਹਉ ਹਰਿ ਜਪਿ. ਭਈ ਨਿਹਾਲ ਨਿਹਾਲ ਨਿਹਾਲ॥) ਜ਼ਬਾਨ[੧]– ਹਮਰੇ ਹਰਿ ਪ੍ਰਾਨ ਸਖਾ, ਸੁਆਮੀ ਹਰਿ ਮੀਤਾ; ਮੇਰੇ ਮਨਿ ਤਨਿ ਜੀਹ[੧], ਹਰਿ ਹਰੇ ਹਰੇ; ਰਾਮ ਨਾਮ, ਧਨੁ ਮਾਲ॥ ਜਾ ਕੋ ਭਾਗੁ, ਤਿਨਿ ਲੀਓ ਰੀ ਸੁਹਾਗੁ; ਹਰਿ ਹਰਿ ਹਰੇ ਹਰੇ, ਗੁਨ ਗਾਵੈ ਗੁਰਮਤਿ; ਹਉ ਬਲਿ ਬਲੇ, ਹਉ ਬਲਿ ਬਲੇ; ਜਨ ਨਾਨਕ. ਹਰਿ ਜਪਿ, ਭਈ ਨਿਹਾਲ ਨਿਹਾਲ ਨਿਹਾਲ॥) ਕ੍ਰਿਪਾਲੂ[੨] –ਹਰਿ ਹੋ; ਹੋ ਕਿਰਪੀਸ[੨]॥) ਜੱਗਦੀਸ– ਹਰਿ ਕਿਰਪਾ ਕਰਿ ਸੁਆਮੀ, ਹਮ ਲਾਇ ਹਰਿ ਸੇਵਾ; ਹਰਿ ਜਪਿ ਜਪੇ, ਹਰਿ ਜਪਿ ਜਪੇ; ਜਪੁ ਜਾਪਉ ਜਗਦੀਸ॥ ਤੁਮਰੇ ਜਨ ਰਾਮੁ ਜਪਹਿ, ਤੇ ਊਤਮ; ਤਿਨ ਕਉ ਹਉ ਘੁਮਿ ਘੁਮੇ, ਘੁਮਿ ਘੁਮਿ ਜੀਸ॥)

ਜਿਸੁ. ਰੂਪ ਨ ਰੇਖ; ਵਡਾਮ॥) ਮੱਥੇ[੧]– ਬਡ ਹੋ; ਹੋ ਭਾਗ ਮਥਾਮ[੧]॥ ਜਿਤੁ ਗ੍ਰਿਹਿ ਮੰਦਰਿ, ਹਰਿ ਹੋਤੁ ਜਾਸੁ; ਤਿਤੁ ਘਰਿ ਆਨਦੋ ਆਨੰਦੁ; ਭਜੁ ਰਾਮ ਰਾਮ ਰਾਮ॥ ਰਾਮ ਨਾਮ ਗੁਨ ਗਾਵਹੁ, ਹਰਿ ਪ੍ਰੀਤਮ; ਉਪਦੇਸਿ ਗੁਰੂ ਗੁਰ ਸਤਿਗੁਰਾ; ਸੁਖੁ ਹੋਤੁ, ਹਰਿ ਹਰੇ ਹਰਿ ਹਰੇ; ਹਰੇ ਭਜੁ, ਰਾਮ ਰਾਮ ਰਾਮ॥) ਸਭ ਸਿਸਟਿ ਧਾਰ, ਹਰਿ ਤੁਮ ਕਿਰਪਾਲ; ਕਰਤਾ. ਸਭੁ ਤੂ ਤੂ ਤੂ, ਰਾਮ ਰਾਮ ਰਾਮ॥) ਸਰਣਾ–ਗਤੀ– ਜਨ ਨਾਨਕੋ ਸਰਣਾਗਤੀ, ਦੇਹੁ ਗੁਰਮਤੀ; ਭਜੁ ਰਾਮ ਰਾਮ ਰਾਮ॥) ਖਟ ਜਟ ਜਟਾ ਪੋਲੇ– ਖਟ ਕਰਮ ਕਿਰਿਆ ਕਰਿ, ਬਹੁ ਬਹੁ ਬਿਸਥਾਰ; ਸਿਧ ਸਾਧਿਕ ਜੋਗੀਆ, ਕਰਿ ਜਟ ਜਟਾ ਜਟ ਜਾਟ॥ ਕਰਿ ਭੇਖ. ਨ ਪਾਈਐ, ਹਰਿ ਬ੍ਰਹਮ ਜੋਗੁ, ਹਰਿ ਪਾਈਐ, ਸਤਸੰਗਤੀ; ਉਪਦੇਸਿ ਗੁਰੂ ਗੁਰ, ਸੰਤ ਜਨਾ, ਖੋਲਿ ਖੋਲਿ ਕਪਾਟ॥ ਤੂ ਅਪਰੰਪਰੁ ਸੁਆਮੀ, ਅਤਿ ਅਗਾਹੁ; ਤੂ ਭਰਪੁਰਿ ਰਹਿਆ ਜਲ ਥਲੇ; ਹਰਿ ਇਕੁ ਇਕੋ, ਇਕ ਏਕੈ ਹਰਿ ਥਾਟ॥ ਤੂ ਜਾਣਹਿ ਸਭ ਬਿਧਿ, ਬੂਝਹਿ ਆਪੇ; ਜਨ ਨਾਨਕ ਕੇ ਪ੍ਰਭ, ਘਟਿ ਘਟੇ ਘਟਿ ਘਟੇ; ਘਟਿ ਹਰਿ ਘਾਟ॥ ਬਿਖੁ ਮਾਇਆ ਸੰਚਿ, ਬਹੁ ਚਿਤੈ ਬਿਕਾਰ; ਸੁਖੁ ਪਾਈਐ ਹਰਿ ਭਜੁ, ਸੰਤ ਸੰਤ ਸੰਗਤੀ; ਮਿਲਿ ਸਤਿਗੁਰੂ, ਗੁਰੁ ਸਾਧੋ॥) ਹੁੰਦਾ[੫] ਹੈ– ਜਿਉ ਛੁਹਿ ਪਾਰਸ, ਮਨੂਰ, ਭਏ ਕੰਚਨ; ਤਿਉ ਪਤਿਤ ਜਨ, ਮਿਲਿ ਸੰਗਤੀ ਸੁਧ ਹੋਵਤ; ਗੁਰਮਤੀ, ਸੁਧ ਹਾਧੋ[੫]॥) ਸਾਧੋ ਪੋਲਾ–ਜਿਉ ਕਾਸਟ ਸੰਗਿ. ਲੋਹਾ ਬਹੁ ਤਰਤਾ; ਤਿਉ ਪਾਪੀ. ਸੰਗਿ ਤਰੇ ਸਾਧ ਸਾਧ ਸੰਗਤੀ; ਗੁਰ ਸਤਿਗੁਰੂ, ਗੁਰ ਸਾਧੋ॥)

ਆਸ–ਰ੍ਮ– ਚਾਰਿ ਬਰਨ. ਚਾਰਿ ਆਸ੍ਰਮ ਹੈ; ਕੋਈ ਮਿਲੈ, ਗੁਰੂ ਗੁਰ ਨਾਨਕ; ਸੋ ਆਪਿ ਤਰੈ, ਕੁਲ ਸਗਲ ਤਰਾਧੋ॥) ਉਸਤਤਿ ਕਰਹਿ ਪ੍ਰਭ ਤੇਰੀਆ, ਮਿਲਿ ਸਾਧੂ ਸਾਧ ਜਨਾ; ਗੁਰ ਸਤਿਗੁਰੂ

ਭਗਵਾਨ॥ ਜਿਨ ਕੈ ਹਿਰਦੈ ਤੂ ਸੁਆਮੀ, ਤੇ ਸੁਖ ਫਲ ਪਾਵਹਿ; ਤੇ ਤਰੇ ਭਵ ਸਿੰਧੁ, ਤੇ ਭਗਤ ਹਰਿ ਜਾਨ॥ ਤਿਨ ਸੇਵਾ ਹਮ ਲਾਇ ਹਰੇ. ਹਮ ਲਾਇ ਹਰੇ; ਜਨ ਨਾਨਕ ਕੇ ਹਰਿ; ਤੂ ਤੂ ਤੂ ਤੂ ਤੂ ਭਗਵਾਨ॥) ਪ੍ਰੇਮਾ-ਭਗਤੀ[੧] ਕਰਨੀ ਸੋਭਦੀ[੨] ਹੈ- ਭਗਤਿ[੧]; ਭਗਤਨ ਹੂੰ, ਬਨਿ ਆਈ[੨]ਤੂ ਸਮਰਥੁ. ਸਰਨਿ ਜੋਗੁ ਤੂ; ਰਾਖਹਿ ਅਪਨੀ ਕਲ ਧਾਰਿ॥) ਕੂਕਦੇ[੨] ਹਨ। ਛਲ[੩]। ਖਪਦੇ[੪] ਮੂਰਖ[੫]। ਮਾਰਦੀ[੬] ਹੈ। ਮੌਤ[੭]- ਕੁਹਕਤ[੨] ਕਪਟ[੩] ਖਪਟ[੪], ਖਲ[੫] ਗਰਜਤ; ਮਰਜਤ[੬] ਮੀਚੁ[੭], ਅਨਿਕ ਬਰੀਆ॥) ਮਸਤ[੮] ਦ੍ਵੈਤ[੧] 'ਚ ਪ੍ਰੀਤੀ[੯] ਕਰਦਾ ਹੈ। ਮੱਤ, ਰੱਤ, ਕੁਮੱਤ, ਹਿਤ ਪੋਲਾ- ਅਹੰ ਮਤ[੮] ਅਨ[੧] ਰਤ[੯], ਕੁਮਿਤ ਹਿਤ; ਪ੍ਰੀਤਮ ਪੇਖਤ, ਕ੍ਰਮਤ ਲਾਖ ਗਰੀਆ॥) ਮਮਤਾ[੧੦] ਹੰਕਾਰ[੧੧] ਮਸਤ[੧੨], ਕਮਲਾ। ਅਨਿੱਤ- ਅਨਿਤ ਬਿਉਹਾਰ; ਅਚਾਰ, ਬਿਧਿ ਹੀਨਤ, ਮਮ[੧੦] ਮਦ[੧੧] ਮਾਤ[੧੨], ਕੋਪ ਜਰੀਆ॥) ਦਰਸਨੁ ਭੇਟੇ; ਬਿਨੁ ਸਤਸੰਗਾ॥) ਭੱਾਗੇ- ਪੰਚ ਭਾਗੇ ਚੋਰ, ਸਹਜੇ ਸੁਖੈਨੋ; ਹਰੇ ਗੁਨ ਗਾਵਤੀ ਗਾਵਤੀ ਗਾਵਤੀ; ਦਰਸ ਪਿਆਰਿ॥) ਚਰਚਾ[੨] ਕਰਦੇ ਹਨ, ਚਰਚਾ[੨] ਕਰਦੇ ਹਨ। ਨੱਚਣ[੩] ਗਾਇਣ ਗਿੱਧੇ[੩] ਦੀ ਧੁੰਮ ਉਠਾਉਂਦੇ ਹਨ- ਕਰਤ[੧] ਕਰਤ[੧]; ਚਰਚ[੨] ਚਰਚ[੨] ਚਰਚਰੀ[੩]॥) ਧਰਤੀ ਤੇ ਵਿਚਰਨ[੨] ਵਾਲੇ ਜੰਗਮ[੨] ਹੋ ਕੇ ਧਰਤੀ ਹੀ ਧਰਤੀ 'ਤੇ ਫਿਰਦੇ[੧] ਹੀ ਫਿਰਦੇ ਹਨ- ਜੋਗ ਧਿਆਨ. ਭੇਖ ਗਿਆਨ; ਫਿਰਤ[੧] ਫਿਰਤ, ਧਰਤ ਧਰਤ ਧਰਚਰੀ[੨]॥

ਮਛੋਦ੍ਰੀ ਦਾ ਸਪੂਤ ਬਿਆਸ[੧]। ਪੁੱਤੁ ਦੇਲ੍ਹੀ ਦੀਪਕ- ਬ੍ਰਹਮ ਕਮਲ ਪੁਤੁ ਮੀਨ ਬਿਆਸਾ[੧]; ਤਪੁ ਤਾਪਨ, ਪੂਜ ਕਰਾਵੈਗੋ॥) ਸੇਵਕਾਂ ਦਾ ਸੇਵਕ[੨] ਹਾਂ। ਸੱਤੇ। ਜੁੱਗਾਦਿ- ਸਭਿ ਧਿਆਵਹੁ ਆਦਿ ਸਤੇ, ਜੁਗਾਦਿ ਸਤੇ; ਪਰਤਖਿ ਸਤੇ, ਸਦਾ ਸਦਾ ਸਤੇ; ਜਨੁ ਨਾਨਕੁ. ਦਾਸੁ ਦਸੋਨਾ[੨]॥) ਅਧਿਕ ਅਸਲੀ ਵਿਸ਼ੇਸ਼[੧] ਪ੍ਰੇਮਾ-ਭਗਤੀ- ਸਭਿ ਕਹਹੁ ਮੁਖਹੁ, ਨਰ ਨਰਹਰੇ; ਨਰ ਨਰਹਰੇ, ਨਰ ਨਰਹਰੇ; ਹਰਿ ਲਾਹਾ, ਹਰਿ ਭਗਤਿ ਵਿਸੇਖਿਆ[੧]॥) ਗਿਆਨ ਧਿਆਨ ਮਾਨ ਦਾਨ; ਮਨ ਰਸਿਕ, ਰਸਨ ਨਾਮੁ ਜਪਤ; ਤਹ ਪਾਪ ਖੰਡਲੀ॥) ਬ੍ਰਹਮਗਿਆਨੀ[੪] ਇਕ ਰਸ[੫]- ਜੋਗ ਜੁਗਤਿ, ਗਿਆਨ ਭੁਗਤਿ; ਸੁਰਤਿ ਸਬਦ, ਤਤ ਬੇਤੇ[੪]; ਜਪੁ ਤਪੁ ਅਖੰਡਲੀ[੫]॥ ਅ=ਤੁੱਲਾ ਪੂੱਜੈ- ਅਤੁਲਾ ਤੋਲੁ. ਰਾਮ ਨਾਮੁ ਹੈ ਗੁਰਮਤਿ; ਕੋ ਪੂਜੈ ਨ. ਤੋਲ ਤੁਲੀਜੈ॥) ਨਾਨਕ. ਰਾਮ ਰਮ, ਰਮੁ ਰਮ; ਰਮ ਰਾਮੈ ਤੇ. ਗਤਿ ਕੀਜੈ॥) ਨਾਨਕ; ਕੂੜੁ. ਕੂੜੋ ਹੋਇ ਜਾਇ॥) ਪੁਰੀਆਂ- ਪਾਤਾਲ ਪੁਰੀਆ ਏਕ ਭਾਰ; ਹੋਵਹਿ ਲਾਖ ਕਰੋੜਿ॥) ਅਵਰੁ; ਨ ਦੂਜਾ ਠਾਉ॥ ਨਾਹੀ; ਬਿਨੁ ਹਰਿ ਨਾਉ॥) ਕਾਂਸ਼ੀ 'ਚ ਆਦਮੀ ਵੇਚਣ[੩] ਵਾਲੀ ਮੰਡੀ[੨]। ਕਿਉਂ ਕਿਉਂ- ਅਉਗਣੁ ਜਾਣੈ. ਤ ਪੁੰਨ ਕਰੇ ਕਿਉ; ਕਿਉ, ਨੇਖਾਸਿ[੨] ਬਿਕਾਈ[੩]॥) ਲੈ ਨਿਸਵਾਰਿ ਗ਼ਲਤ ਹੈ- ਤਿਸੁ ਵਿਚਿ ਸਉਦਾ, ਏਕੁ ਨਾਮੁ; ਗੁਰਮੁਖਿ ਲੈਨਿ. ਸਵਾਰਿ॥)

ਇਸ ਤੋਂ ਅੱਗੇ ੧੩੫੨. ਤੋਂ ੧੪੩੦ ਤੱਕ ਵਿਸਰਾਮ ਲਗਾਤਾਰ ਪੋਥੀ 'ਚੋਂ ਅਭਿਆਸ ਕਰਾਉ ਜੀ:-

ਰਾਗੁਜੈਜਾਵੰਤੀ ੧੩੫੨-੧੩੫੩) ਸਲੋਕ ਸਹਸਕ੍ਰਿਤੀ ਮਹਲਾ ੧॥ ੧੩੫੩-੧੩੫੩) ਸਲੋਕ ਸਹਸਕ੍ਰਿਤੀ ਮਹਲਾ ੫॥ ੧੩੫੩-੧੩੬੦) ਗਾਥਾ ਮਹਲਾ ੫॥ ੧੩੬੦-੧੩੬੧) ਫੁਨਹੇ ਮਹਲਾ ੫॥ ੧੩੬੧-੧੩੬੩) ਚਉਬੋਲੇ ਮਹਲਾ ੫॥ ੧੩੬੩-੧੩੬੪) ਸਲੋਕ ਭਗਤ ਕਬੀਰ ਜੀਉ ਕੇ ੧੩੬੪-੧੩੭੭) ਸਲੋਕ ਸੇਖ ਫਰੀਦ ਕੇ ੧੩੭੭-੧੩੮੪) {ਮੁਖਬਾਕਿਅ- ਸਵਯੇ ਸ੍ਰੀ ਮੁਖਬਾਕ੍ ਮਹਲਾ ੫॥ ੨੦ ਸਵਈਏ ੧੩੮੫ ਤੋਂ ੧੩੮੯} {ਮਹਲੇ ਪਹਿਲ ਜੀ ਕੇ ੧੦ ਸਵਈਏ ੧੩੮੯ ਤੋਂ ੧੩੯੦} {੧੦ ਸਵਈਏ ਮਹਲੇ ਦੂਜੇ ਕੇ, ੧੩੯੧ ਤੋਂ ੧੩੯੨} {੨੨ਸਵਈਏ ਮਹਲੇ ਤੀਜੇ ਕੇ. ੧੩੯੨ ਤੋਂ

੧੩੯੬} {੬੦ਸਵਈਏ ਮਹਲੇ ਚਉਥੇ ਕੇ) ੧੩੯੬ ਤੋਂ ੧੪੦੬} {੨੧ ਸਵਈਏ ਮਹਲੇ ਪੰਜਵੇ ਕੇ ੧੪੦੬ ਤੋਂ ੧੪੦੯} {੧੪੧੦-੧੪੧੨ ਸਲੋਕ ਵਾਰਾਂ ਤੇ ਵਧੀਕ॥ ਮਹਲਾ ੧॥ ਜੀ ੩੩ ਸਲੋਕ} {੧੪੧੩-੧੪੨੧. ਸਲੋਕ ਮਹਲਾ ੩ ਜੀ ਦੇ ੬੭ ਸਲੋਕ} {੧੪੨੧-੧੪੨੪. ਸਲੋਕ ਮਹਲਾ ੪ ਜੀ ਦੇ ੩੦ ਸਲੋਕ} ੧੪੨੫-੧੪੨੬. ਸਲੋਕ ਮਹਲਾ ੫ ਜੀ ੨੨ ਸਲੋਕ} ੧੪੨੬-੧੪੨੯. ਸਲੋਕ ਮਹਲਾ ੯ ਜੀ ੫੭ ਸਲੋਕ ਭੋਗ ਦੇ} {੧੪੨੯. ਮੁੰਦਾਵਣੀ ਮਹਲਾ ੫॥ ਥਾਲ ਵਿਚਿ. ਤਿੰਨਿ ਵਸਤੂ ਪਈਓ; ਸਤੁ ਸੰਤੋਖੁ ਵੀਚਾਰੋ॥ ਅਤੇ ਸਲੋਕ ਮਹਲਾ ੫॥ ਤੇਰਾ ਕੀਤਾ. ਜਾਤੋ ਨਾਹੀ; ਮੈਨੋ ਜੋਗੁ ਕੀਤੋਈ॥} {੧੪੨੯ ਤੋਂ ੧੪੩੦, ਰਾਗ ਮਾਲਾ) ਸੰਪੂਰਨੰ।

ੁਅੱਧੇ ਚੱਚੇ। ਅੱਧੇ ਸੱਸੇ। ੁਅੱਧੇ ਤੱਤੇ। ਯਯੇ ਦਾ ਸ਼ੁੱਧ ਉਚਾਰਣ ੂ ਅੱਧੇ ਯੱਯੇ। ਅੱਧਾ ੜ ਬਰਾਬਰ ਹੋਵੇ ੁ ਅੱਧੇ ਯੱਯੇ ਹੇਠਾਂ ਔਂਕੜ। ਅੱਖਰ ਦੇ ਚਰਨੀਂ ਛੋਟਾ ਯੱਯਾ ਆਦਿ ਖ਼ਾਸ ਅੱਖਰਾਂ ਦੀ ਸੂਚਨਾ ਅਤੇ ਯਯੇ ਦਾ ਸ਼ੁੱਧ ਉਚਾਰਣ ਯਯੇ ਵਾਲੇ ਅੱਖਰਾਂ ਦੇ ਅਰਥ:- ਯ ਦਾ ਉਚਾਰਨ ਤਾਲੂ ਤੋਂ ਹੁੰਦਾ ਹੈ। ਯ ਦੀ ਮੁਹਾਰਨੀ ਬਾਰ ੨ ਬੋਲ ਕੇ, ਯ ਪਕਾਉ, ਯ ਤਾਲੂ ਤੋਂ ਹੀ ਬੋਲਿਆ ਜਾਵੇ, ਤਾਂ ਪੂਰਾ ਸਹੀ ਨਿਸਚੇ ਹੈ। (ਦਯੈ ਦਯਿ ਦਯੁ ਅਰਥ ਪ੍ਰੇਰਕ, ਦਿਆਲੂ) (ਦੁਯਾ-ਦੂਜਾ) (ਕਾਯਉ-ਦੇਹ) (ਭੈਯਾਨ-ਭੈ ਦਾਇਕ) (ਤੁਯੰ-ਆਪ ਜੀ) (ਦੁਯੈ-ਦ੍ਵੈਤ ਭਾਵ) (ਮਯਹ-ਸਰੂਪ) (ਭਯਾ-ਭਾਈ) (ਧਾਯੰਤੇ-ਹੱਲਾ ਕਰਦੇ ਹਨ) (ਰਯਤਿ-ਪਰਜਾ) (ਰਮਣੀਯ-ਸੁੰਦਰ) (ਪਯਾਲ-ਪਤਾਲ) (ਮੁਯੇ-ਪਿਆਰੀਏ) (ਪਾਯੰ-ਪਾਉਣਾ) (ਮਯ-ਸਰੂਪ) (ਰਮਯੇ-ਪੂਰਨ ਵਿਆਪਕ) (ਚਾਯ-ਉਤਸ਼ਾਹ) (ਅਯੋ-ਸਭ ਥਾਂ ਸਭ 'ਚ ਆਏ ਹਨ) (ਨਯਣਿ-ਅੱਖਾਂ) (ਦੁਯੀ-ਦੂਜੀ) (ਬਯਣਿ-ਬਚਨ) (ਅਯਾਨਾ-ਅਞਾਣਾ ਬਾਲਕ) (ਜਯੋ-ਜੈ ਜੈਕਾਰ) (ਕਾਯਾ-ਦੇਹ) (ਜਯ-ਜੈ ਜੈਕਾਰ) (ਪਯਾ-ਪਈ ਲਿਖਤ) {ਜਿਸ ਅੱਖਰ ਹੇਠਾਂ ੂ ਅੱਧੇ ਯੱਯੇ ਨਿਸ਼ਾਨੀ ਹੋਵੇ, ਉਸ ਨੂੰ ਸਿਹਾਰੀ ਲਾ ਕੇ, ਉਸ ਦੇ ਸੱਜੇ ਪਾਸੇ ਐੜਾ ਲਾਉਣਾ, ਜਿਹੜੀ ਲਗ ਉਸ ਅੱਖਰ ਨੂੰ ਲੱਗੀ ਹੋਵੇ, ਉਹ ਐੜੈ ਨੂੰ ਲਾਉਣੀ, ਗੁਰਬਾਣੀ ਜੀ 'ਚ ਲਿਖਣੀ ਨਹੀਂ, ਹਿੜੰ ਨੂੰ ਹਿਤਿਅੰ, ਗ੍ਯਾਨ ਨੂੰ ਗਿਆਨ ਪੜ੍ਹਨਾ, ਅੱਧਾ ੜ ਬਰਾਬਰ ਹੋਵੇ ਤਾਂ ਭੀ ਇਸੇ ਤਰ੍ਹਾਂ ਹੀ ਕਰਨਾ। (ਲਖ੍ਹਣ) ਲੱਛਣ ਗੁਣ ਅਰਥ ਹੋਵੇ ਤਾਂ ਲੱਖਿਅਣ ਪਾਠ ਕਰਨਾ} ਲਖਨ ਅਰਥ ਜਾਨਣ ਹੋਵੇ, ਤਾਂ ਲਖਨ ਪੋਲਾ} (ਕਲ੍ਹੁਚਰੈ ੁ ਅੱਧੇ ਯੱਯੇ ਹੇਠਾਂ ਔਂਕੜ ਹੈ, ਅੱਧੇ ਉੜੇ ਨੂੰ ਔਂਕੜ ਲਾ ਕੇ ਬੋਲੇਗਾ, ਭਾਵ ਉੜਾ ਪੋਲਾ ਬੋਲਣਾ, ਕਲਉੱਚਰੈ।) (ਭਲੀ੭ ਪ੍ਰਕਾਰ। ਭਲੁ ਨੂੰ ਭਲਉ ਬੋਲੋ, ਅ□ਮਲੁ- ਅਜੋਨੀਉ ਭਲੁ੭ ਅਮਲੁ; ਸਤਿਗੁਰ ਸੰਗਿ ਨਿਵਾਸੁ॥) (ਅੱਖਰ ਹੇਠਾਂ ੂ ਅੱਧੇ ਯ ਨੂੰ ਔਂਕੜ ਹੋਵੇ ਤਾਂ ਉ ਬੋਲੋ। ਮੋਤ੍ਯੰ ਮ੍ਰਿਤਉ੍ਯੰ। ਮ੍ਰਿਤਉ ਸਿੱਧਿਅਤੇ- ਮ੍ਰਿਤ੍ਯੂ ਜਨਮ ਕ੍ਰਮੰਤਿ ਨਰਕਹ; ਅਨਿਕ ਉਪਾਵੰ, ਨ ਸਿਧ੍ਯਤੇ॥) (ਅੱਖਰ ਦੇ ਚਰਨੀਂ ਛੋਟੇ ਅਕਾਰ ਯੱਯਾ ਹੋਵੇ ਤਾਂ ਅੱਧੇ ਯੱਯੇ ਵਾਲਾ ਹੀ ਨਿਯਮ ਹੈ) (ਅੱਧਾ ਰਾਰਾ ਪੋਲਾ ਬੋਲੀਦਾ ਹੈ, ਜਿੱਥੇ ਭੀ ਅੱਧੇ ਰਾਰੇ ਹੇਠਾਂ ਔਂਕੜ ਆਵੇ ਅੱਧਾ ਰਾਰਾ ਪੋਲਾ ਬੋਲ ਕੇ, ਅੱਧੇ ਰਾਰੇ ਹੇਠਾਂ ਔਂਕੜ ਪੂਰੇ ਧਿਆਨ ਖਿਆਲ ਨਾਲ ਬੋਲੋ। ਜਿਸ ਅੱਖਰ ਹੇਠਾਂ ਅੱਧਾ ਰਾਰਾ ਔਂਕੜ ਹੈ, ਉਹ ਅੱਖਰ ਮੁਕਤਾ ਬੋਲੇਗਾ:- ਕ੍ਰਿਸਨੁ ਬਲਭਦ੍ਰ; ਗੁਰ ਪਗ ਲਗਿ ਧਿਆਵੈ॥) (ਕਾਨ੍ਹ ਨੰਨੇ ਹੇਠਾਂ ਹਲੰਤ ਹੈ, ਨ ਭਾਰਾ ਬੋਲੋ, ਹਲੰਤ ਹੇਠਾਂ ਔਂਕੜ ਪੂਰੇ ਧਿਆਨ ਖਿਆਲ ਨਾਲ ਬੋਲੋ) ਦੁਸਟਾਈ, ਮੰਤ੍ਰ ਦੁਲਭ ਮਿਤ੍ਰ ਸਤ੍ਰ ਪਵਿਤ੍ਰ ਛਿਦ੍ਰ ਦ੍ਰੁਮ ਕਲਤ੍ਰ ਛਤ੍ਰ ਇੰਦ੍ਰ ਦ੍ਰਿੜ੍ਹ ਅਧ੍ਰੁਵ ਸ੍ਰੁਤਿ ਦ੍ਰੁਸਟ ਪਵਿਤ੍ਰ ਚਕ੍ਰ ਸਮੁਦ੍ਰ ਰੁਦ੍ਰ ਪੁਤ੍ਰ (ਅੱਧਾ ਨੰਨਾ ਪੋਲਾ ਬੋਲੋ ਕ੍ਰਿਸ੍ਨ) (ਥੰਮ੍ਹ ਮ ਹਲੰਤ ਹੈ, ਮ ਭਾਰਾ ਔਂਕੜ ਲਾ ਕੇ ਬੋਲੋ- ਥੰਮ੍ਹ ਉਪਾੜਿ; ਹਰਿ ਆਪੁ ਦਿਖਾਇਆ॥)

ਦ੍ਰੁਗਮ ਪੜ੍ਹੁ ਦ੍ਰੁਗੰਧਾ ਕਲ੍ਹੁਚਰੈ ਦਰਿਦ੍ਰੁ) ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ ਈਸੁ ਬੰਮ੍ਹੁ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ॥) ਛਤ੍ਰੁ ਬਿਸ੍ਵਾ ਦ੍ਰਿਸ੍ਰਿ ਸ੍ਰਿਸ੍ਰਿ ਗਰਿਸ੍ਰ ਮਿਸ੍ਰ ਅਵਲੋਕ੍ਯਾ ਛੁਟਕ੍ਯਾ ਦਿਬ੍ਰ ਦ੍ਰਿਸ੍ਰਿ ਬਿਸ੍ਵਾਸਾ॥ ਬਿਸ੍ਵਾਸੁ॥ ਪਰਮੇਸ੍ਵਰ ਬਿਸ੍ਵੰਭਰ ਸ੍ਵਾਮੀ ਸ੍ਵਸਤਿ ਬਿਸ੍ਵ ਦ੍ਵਾਰਿਕਾ ਸ੍ਵਾਂਗੀ ਸ੍ਵਾਗਿ ਬੇਸ੍ਵਾ ਬਿਸ੍ਵਾਨ॥) (ਅਸ੍ਵ ਬਿਸ੍ਵ ਵਾਵੇ ਅੱਧੇ ਜਾਣਕੇ, ਵਾਵੇ ਪੋਲੇ ਬੋਲੋ) ਸ੍ਵਸਥ) ਜਿੱਥੇ ਭੀ ਅੱਖਰ ਹੇਠਾਂ ਅਧੱਾ੍ਰ ਆਵੇ, ਅਧੱਾ੍ਰ ਪੋਲਾ ਬੋਲੋ ਮਸ੍ਤੁਕ ਹਸ੍ਤ ਉਸ੍ਤ੍ਰਤਿ ਨਾਸ੍ਤਿ ਅਸ੍ਤ ਬਿਸ੍ਤ੍ਰੀਯਾ ਨਿਸ੍ਤ੍ਰਾਰਹ ਭਗ੍ਰਿ) (ਚੜ੍ਹ੍ਹ ੜ ਭਾਰਾ ਬੋਲੋ ਦੁਲੈਂਕੜ ਲਾਉ) (ਅੱਧਾ ਚਚਾ ਪੋਲਾ ਅਸ੍ਤ੍ਰਰਜ ਪਸ੍ਤ੍ਰਮਿ ਨਿਸ੍ਤ੍ਰੁਲ) (ਲਖ੍ਖ਼ਣ ਲੱਖਿਅਣ ਖੱਖੇ ਦੇ ਪੈਰ ਵਿੱਚ ਅੱਧਾ ਯਈਆ ਹੈ। ਜਿਸ ਅੱਖਰ ਹੇਠਾਂ ਅੱਧਾ ਯਈਆ ਹੋਵੇ, ਉਸ ਨੂੰ ਸਿਹਾਰੀ ਅਤੇ ਉਸ ਦੇ ਸੱਜੇ ਪਾਸੇ ਐੜਾ ਲਾਉ, ਉਸ ਅੱਖਰ ਨੂੰ ਜਿਹੜੀ ਲਗ ਹੋਵੇ ਉਹ ਐੜੇ ਨੂੰ ਲਾਉਣੀ ਜੀ।) (ਤੀਖ੍ਖ਼ਣ ਨੂੰ ਤੀਖਿਅਣ ਬੋਲੋ) ਗਉੜੀ ਰਾਗੁ ਦੀ ਪੂਰਬੀ੧ ਜਾਤੀ ਦੀ ਪਹਿਲੀ ਕਿਸਮ ਹੈ। ਬੱਬੇ ਹੇਠਾਂ ਬ੍ਰੀਕ ਏਕਾ ਪੜ੍ਹਨਾ ਨਹੀਂ– ਰਾਗੁ ਗਉੜੀ ਪੂਰਬੀ੧ ਮਹਲਾ ੫) (ਵਖ੍ਖ਼ਾਨਾ ਨੂੰ ਵਖਿਆਨਾ ਬੋਲੋ) (ਸੁਧਾਖ੍ਖ਼ਰ ਨੂੰ ਸੁਧਾਖਿਅਰ ਬੋਲੋ) (ਆਖ੍ਖ਼ਰ ਨੂੰ ਆਖਿਅਰ) (ਜਖ੍ਖ਼ ਨੂੰ ਜੱਖਿਅ) (ਬਖ੍ਖ਼ਾਨੁ ਨੂੰ ਬਖਿਆਨੁ) (ਬਖ੍ਖ਼ਾਣੀ ਨੂੰ ਬਖਿਆਣੀ) (ਬਾਸੁਦੇਵਸ੍ਰਿ ਨੂੰ ਬਾਸੁ੍ਦੇਵੱਸਿਅ ਬੋਲੋ) (ਕਟਾਖ੍ਖ਼ ਨੂੰ ਕਟਾਖਿਅ ਬੋਲੋ) (ਰੱਖਿਆ੧੫ ਕਰੋ। ਪ੍ਰੇਮ ਬੇਨਤੀ੧੬ ਬਿਗਿਆਪ੍ਰਿ ਤ ਅੱਧਾ ਜਾਣ ਕੇ. ਪੋਲਾ ਬੋਲੋ– ਤ੍ਰਾਹਿ੧੫ ਤ੍ਰਾਹਿ ਸਰਣਿ ਸੁਆਮੀ; ਬਿਗ੍ਰਾਪ੍ਰਿ੧੬ ਨਾਨਕ, ਹਰਿ ਨਰਹਰਹ॥) (ਦਸ੍ਤ੍ਰੁਗੀਰੀ ਬਿਸ੍ਤ੍ਰੁਰੀਯਾ ਬਿਸ੍ਤ੍ਰੁਰੀਯਾ) (ਸਿਮਰਤਬ੍ਹ ਨੂੰ ਸਿਮਰਤੱਬਿਅ ਬੋਲੋ) (ਤਿਆਗ ਦਾ ਤਿਆਗ੬ ਕਰਕੇ (ਪਰੰ) ਵਿਸ਼ੇਸ਼ ਕਰਕੇ ਤਿਆਗੀ ਹਨ। ਪਰੰ੍ ਤਿਆਗੀ, ਦ੍ਰਿੜੰਤਣਃ ਦੋ ਗੋਲ ਬਿੰਦੀਆਂ ਵਸਰਗਾਂ ਕਹਿੰਦੇ ਹਨ, ਇੱਥੇ ਹਾਹਾ ਲਾਉ:– ਦ੍ਰਿੜੰਤ੍ਣਹ– ਸਰਬ ਦੋਖ, ਪਰੰਤਿਆਗੀ੬; ਸਰਬ ਧਰਮ ਦ੍ਰਿੜੰਤਣਃ॥) ਲਿਖਿਅਣਹ– ਲਬਧੇਣਿ ਸਾਧ ਸੰਗੇਣਿ; ਨਾਨਕ. ਮਸਤਕਿ ਲਿਖ੍ਖ਼ਣਃ॥) ਸੰ੍ਪੂਰਣਹ, ਹੋਇਓ– ਹੋਯੋ ਹੈ ਹੋਵੰਤੋ; ਹਰਣ ਭਰਣ ਸੰਪੂਰਣਃ॥ ਪੜ੍ਹ ਦੇ ਪੈਰ 'ਚ ਹਲੰਤ ਦੀ ਇਹ ੍ ਨਿਸ਼ਾਨੀ ਹੈ, ਇਸ ਨਾਲ ਅੱਖਰ ਭਾਰਾ ਬੋਲਦਾ ਹੈ, ਅਰਥ ਹੈ ਬ੍ਰਹਮ ਵਿੱਦਿਆ ਪੜ੍ਹ। ਪੜ ਅਰਥ ਹੈ ਪੈ, ਡਿੱਗ, ਪੜ ੜਾੜੇ ਪੈਰ ਹਲੰਤ ਨਹੀਂ ਲਾਉਣਾ, ਭਾਵ ੜਾੜਾ ਭਾਰਾ ਨਹੀਂ ਕਰਨਾ। ਤੁਮ੍ ਜਿੰਨੀ ਵਰ੍ਿਆ ਕਾਨੁ ਓਲ੍ਹਾ ਕਾੜ੍ਹਾ ਤੁਮ੍ਹਾਰੀ ਇਕਨ੍ਹਾ ਓਨ੍ਹਾ ਦੇਨਿ ਤਿਨ੍ਹਾ ਦ੍ਰਿੜ੍ਹੀਆ ਗਾਵਨ੍ਿ ਸੰਨ੍ੀ ਉਲਾਮ੍ੇ ਕਲ੍ਿ ਓਲ੍ੈ ਖੋਲ੍ੇ ਪੈਨ੍ਉ) ਨੱਗਰੁ ਨੱਗਰੀ ਹਰ ਥਾਂ ਅਧਿਕ ਨਾਲ ਆਵੇਗਾ। { ਕਈ ਕੋਟਿ; ਮਾਇਆ ਸ੍ਰਮ ਮਾਹਿ॥ ਸ੍ਰਮ ਪੂਰਾ ਬੋਲ ਕੇ ਮਾਹਿ ਕਹੋ, ਛੇਤੀ ਬੋਲਣ ਨਾਲ, ਇੱਕ ਮੰਮਾ ਰਹਿ ਜਾਂਦਾ ਹੈ, ਪਹਿਲੇ ਪਦ ਦੀ ਸੰਪੂਰਨਤਾ, ਅਗਲੇ ਪਦ ਦੇ ਅਰੰਭ ਦੇ ਅੱਖਰ, ਇੱਕੋ ਹੋਣ ਇੱਕ ਅੱਖਰ ਛੱਡਣਾ ਨਹੀਂ} ਗੁਰਮੁਖੀ 'ਚ ਲਿਖੇ ਅੱਖਰ ਸਭ ਥਾਈਂ ਪੜ੍ਹਨੇ, ਜਿਵੇਂ ਸਤ ਚਉਪਦੇ ਮਹਲੇ ਚਉਥੇ ਕੇ॥} ਸ੍ਰੀ ਕਬੀਰ ਜੀਉ ਕੇ ਚਉਪਦੇ ੧੪॥ ਚੌਦਾਂ ਉਚਾਰੋ, ੧੪ ਚਉਪਦੇ ਹਨ। ਅੱਖਰਾਂ ਸਾਮ੍ਹਣੇ ਭਾਵ ਸੱਜੇ ਪਾਸੇ ਅੰਕ ਉਚਾਰਨੇ, ਅੱਖਰਾਂ ਦੇ ਚਰਨੀਂ ਅੰਕ ਨਹੀਂ ਪੜ੍ਹਨੇ। ਰਾਗੁ ਗਉੜੀ, ਰਾਗੁ ਗੱਗੇ ਔਂਕੜ ਲਾ ਕੇ, ਰਾਗੁ ਪੂਰਾ ਬੋਲੋ, ਫਿਰ ਗਉੜੀ ਬੋਲੋ। ਜਿੱਥੇ ਪਹਿਲੇ ਪਦ ਦੀ ਸੰਪੂਰਨਤਾ, ਅਗਲੇ ਪਦ ਦੇ ਅਰੰਭ 'ਚ ਓਹੀ ਅੱਖਰ ਹੋਣ, ਉੱਥੇ ਪਹਿਲਾ ਪਦ ਪੂਰੇ ਖ਼ਿਆਲ ਨਾਲ ਉਚਾਰ ਕੇ, ਅਗਲਾ ਪਦ ਪੂਰਾ ਬੋਲੋ, ਛੇਤੀ ਬੋਲਣ ਨਾਲ ਇੱਕ ਅੱਖਰ ਰਹਿ ਜਾਂਦਾ ਹੈ।) ਉ, ਸੁੋਈ– ਔਂਕੜ ਤੇ ਹੋੜਾ ਇਕੱਠੇ ਲੱਗੇ ਹੋਣ, ਔਂਕੜ ਤੇ ਹੋੜੇ ਦੇ ਵਿਚਕਾਰ ਬੋਲੋ ਜੀ)

ਦ੍ਰਿੜ੍੧ ਕਰਨਾ। ਦੋ ਗੋਲ਼ ਬਿੰਦੀਆਂ ਃ ਨੂੰ ਵਸਰਗਾਂ ਕਹਿੰਦੇ ਹਨ। ਦੋ ਗੋਲ਼ ਬਿੰਦੀਆਂ ਃ, ਹਾਹੇ ਦੀ ਵਰਤੋਂ ਲਈ ਹਨ, ਦ੍ਰਿੜੰਤਣਃ ਨੂੰ ਦ੍ਰਿੜੰਤਣਹ੧ ਪੜ੍ਹਨਾ। ਮਃ ਨੂੰ ਮਹੱਲਾ ਪੜ੍ਹਨਾ– ਸਲੋਕੁ ਮਃ ੧॥)

ਗਾਵਨ੍ਹਿ-ਨੰਨੇ ਪੈਰ ਹਲੰਤ ਲਾ ਕੇ, ਨੰਨਾ ਭਾਰਾ ਬੋਲੋ) ਬਿੰਦੀ ਦੀ ਥਾਂ ਟਿੱਪੀ ਦੀ ਵਰਤੋਂ ਜਿਵੇਂ ਹੰਉ-ਟਿੱਪੀ ਦੀ ਥਾਂ ਬਿੰਦੀ ਦੀ ਵਰਤੋਂ। ਕ੍ਰਿਸ਼ੑਂ-ਅੱਧੇ ਨੰਨੇ ਦੀ ਵਰਤੋਂ) ਗ੍ਰਿਸ੍ਰ-ਅੱਧੇ ਟੈਂਕੇ ਦੀ ਵਰਤੋਂ) ਬਿਸ੍ਵਾਸਾ ਅੱਧਾ ਵਾਵਾ ਪੋਲਾ ਬੋਲੋ, ਪੂਰਾ ਵਾਵਾ ਭਰਵਾਂ ਬੋਲੀਦਾ ਹੈ ਬਿਸ੍ਵ -ਅੱਧੇ ਵਾਵੇ ਦੀ ਵਰਤੋਂ) ਅਸ੍ਵ ਵਾਵਾ ਅੱਧਾ ਜਾਣਕੇ, ਵਾਵਾ ਪੋਲਾ ਬੋਲੋ- ਹਸਤਿ ਰਥ ਅਸ੍ਵ ਪਵਨ ਤੇਜ; ਧਣੀ ਭੂਮਨ ਚਤੁਰਾਂਗਾ॥) ਅਸ੍ਰੁਰਜ-ਅੱਧੇ ਚੱਚੇ ਦੀ ਵਰਤੋਂ) (ਅੱਧੇ ਸੱਸੇ ਦੀ ਵਰਤੋਂ) ਦਸ੍ਰੁਗੀਰੀ।

ਸੱਚ ਸੱਚੁ ਸੱਚੋ ਸੱਚੀ ਸਭ ਥਾਂ ਅਧਕ ਸਹਿਤ ਹਨ। {ਲੱਖ ਗਿਣਤੀ, (ਲਖ) ਜਾਨਣਾ ਅਰਥ ਹੋਵੇ ਤਾਂ ਪੋਲਾ} {ਜਿੱਥੇ ਮਿਤ ਅਰਥ ਮਿੱਤ੍ਰ ਹੋਵੇ, ਓਥੇ ਮਿੱਤ। ਜਿੱਥੇ (ਮਿਤ) ਮਰਯਾਦਾ ਅਰਥ ਹੋਵੇ, ਓਥੇ ਮਿਤ ਪੋਲਾ} (ਵਿਸੁ ਬਿਖੁ) ਜ਼ਹਿਰ ਸਭ ਥਾਂ ਪੋਲੇ) ਖਪਿ ਖਪਿ ਪੋਲੇ। ਰੱਤੀ। ਅੱਠ ਰੱਤੀ ਦਾ ਇੱਕ ਮਾਸਾ। ਰਸ ਕਸ ਪੋਲੇ ਜਿੱਥੇ ਵੀ ਆਉਣ। ਤਜਿ ਪੋਲਾ, ਕਸਵੱਟੀ, ਹਿਤੁ ਪੋਲਾ, ਚਿੱਤੁ। ਮਨਿ ਨੰਨੇ ਨੂੰ ਸਿਹਾਰੀ ਹੋਵੇ ਤਾਂ ਮਨਿ ਮੁਖਿ ਵੱਖਰਾ) (ਨਿਸਿ) ਰਾਤ ਨਿਸਿ ਪੋਲਾ। ਤ੍ਰੈ ਗੁਣ। ਮੁੱਕਰ। (ਮੁਕਰ) ਸ਼ੀਸ਼ਾ ਮੁਕਰ ਪੋਲਾ} {ਚੱਲੀ[1] ਆਉਣਾ ਹੈ। ਲਗੀ[1] ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥} ਸੰਤ ਸਭਾ, ਸਿਧ ਸਭਾ, ਗੁਰ ਸਭਾ ਆਦਿ ਪੋਲੇ। (ਸਭਾ) ਸਾਰੇ ਅਰਥ ਹੋਵੇ ਸੱਭਾ ਬੋਲੋ {ਪੱਤ ਅਰਥ ਪੱਤਾ ਬਣੇ, ਪੱਤ ਬੋਲਣਾ} {ਪਤਿ[3] ਅਰਥ ਪਤੀ[3] ਇੱਜ਼ਤ[3]। ਪਤਿ ਪੋਲਾ} {ਵਾਲ਼ੇ ਕੰਨਾ ਦਾ ਗਹਿਣਾ ਹੈ। ਵਾਲੇ ਲੱਲੇ ਹਲੰਤ ਲਾ ਕੇ ਭਾਰਾ ਨਹੀਂ ਬੋਲਣਾ} ਸੁ ਪ੍ਰਸੰਨ। ਆਵਾ ਗਉਣੁ। ਆਵਾ ਗਵਣ। ਪ੍ਰਾਨਪਤੇ ਉਭਿਸੁਕ। ਆਤਮ ਦੇਉ। ਪ੍ਰਾਨਪਤਿ (ਕੁਲ) ਨਸਲ ਵੰਸ, ਘਰ, ਕੁਲ ਪੋਲਾ ਬੋਲਣਾ। ਕੁੱਲ ਸਾਰੇ ਕੁੱਲ ਬੋਲਣਾ। ਗੁਰਬਾਣੀ ਤੁਕ ਪੜ੍ਹਦਿਆਂ. ਵਿਸਰਾਮ ਗ਼ਲਤ ਲੱਗੇ ਜਾਂ ਉਚਾਰਣ 'ਚ ਗ਼ਲਤੀ ਹੋਵੇ, ਤੁਕ ਦੁਬਾਰਾ ਪੜ੍ਹ ਕੇ ਸ਼ੁੱਧ ਬੋਲੀ ਜਾਵੇ। ਜਿਹੜਾ ਅੱਖਰ ਬੋਲਣ'ਚ ਔਖਾ ਹੋਵੇ, ਛੇਤੀ ਬੋਲਿਆ ਜ਼ਬਾਨ'ਤੇ ਨਹੀਂ ਚੜ੍ਹਦਾ, ਜਿਵੇਂ ਸਮਰ੍ਹੱਣ ਨੂੰ ਜੇਕਰ ਕਾਹਲ਼ੀ ਬੋਲੀਏ ਤਾਂ ਸਮਰੇਣ ਗ਼ਲਤ ਬੋਲਿਆ ਜਾਂਦਾ ਹੈ। ਣਾਣੇ ਦੀ ਥਾਂ ਰਾਰੇ ਨੂੰ ਲਾਂ ਲੱਗ ਜਾਂਦੀ ਹੈ। ਦਿਲ'ਚ ਦੋ ਪਦ ਬਣਾ ਕੇ ਸਮਰ੍ਹੱਣ ਧੀਰੇ ੨ ਬੋਲ ਕੇ ਜ਼ਬਾਨ'ਤੇ ਚੜ੍ਹਾ ਲੈਣਾ ਚਾਹੀਦਾ ਹੈ। ਜਦੋਂ ਜ਼ਬਾਨ'ਤੇ ਸਹੀ ਚੜ੍ਹ ਗਿਆ ਫਿਰ ਛੇਤੀ ਭੀ ਬੋਲਿਆ ਜਾ ਸਕੇਗਾ।) ਹੇਠਲੀ ਪੌੜੀ 'ਚ ਹਰੇਕ ਤੁਕ ਨਾਲ ਈੜੀ ਨੂੰ ਸਿਹਾਰੀ ਹੈ, ਧਿਆਇਐ ਗਾਇਐ ਆਇਐ ਵਸਾਇਐ ਗਵਾਇਐ ਪਾਇਐ ਦਿਵਾਇਐ ਛਾਇਐ, ਖ਼ਿਆਲ ਨਾਲ ਸਿਹਾਰੀ ਹੀ ਉਚਾਰਨੀ, ਕਈ ਪ੍ਰੇਮੀ ਬਿਹਾਰੀ ਲਾ ਕੇ ਗ਼ਲਤ ਬੋਲਦੇ ਹਨ। ਪਉੜੀ॥ ਹੋਵੈ ਸੁਖੁ ਘਣਾ; ਦਯਿ ਧਿਆਇਐ॥ ਵੰਞੈ ਰੋਗਾ ਘਾਣਿ; ਹਰਿ ਗੁਣ ਗਾਇਐ॥ ਅੰਦਰਿ ਵਰਤੈ ਠਾਢਿ; ਪ੍ਰਭਿ ਚਿਤਿ ਆਇਐ॥ ਪੂਰਨ ਹੋਵੈ ਆਸ; ਨਾਇ ਮੰਨਿ ਵਸਾਇਐ॥ ਕੋਇ ਨ ਲਗੈ ਬਿਘਨੁ; ਆਪੁ ਗਵਾਇਐ॥ ਗਿਆਨ ਪਦਾਰਥੁ ਮਤਿ; ਗੁਰ ਤੇ ਪਾਇਐ॥ ਤਿਨਿ ਪਾਏ ਸਭੇ ਥੋਕ; ਜਿਸੁ ਆਪਿ ਦਿਵਾਇਐ॥ ਤੂੰ ਸਭਨਾ ਕਾ ਖਸਮੁ; ਸਭ ਤੇਰੀ ਛਾਇਐ॥) ਹੁਕਮੈ ਅੰਦਰਿ.ਸਭੁ ਕੋ; ਬਾਹਰਿ ਹੁਕਮ ਨ ਕੋਇ॥ (ਬਾਹਰਿ) ਰਾਰੇ ਨੂੰ ਸਿਹਾਰੀ ਹੈ, ਜੇ ਬੇਖ਼ਿਆਲੀ ਕਰੀਏ, ਤਾਂ ਹਾਹੇ ਨੂੰ ਸਿਹਾਰੀ. ਬਾਹਿਰ. ਗ਼ਲਤ ਹੈ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦੇ ਸੱਚੇ ਸਰੂਪ 'ਚ (ਬਾਹਰਿ) ਦੇ ਹਾਹੇ ਨੂੰ ਸਿਹਾਰੀ ਕਿਤੇ ਭੀ ਨਹੀਂ। ਫਰੀਦਾ. ਮੈ ਭੋਲਾਵਾ ਪਗ ਦਾ; ਮਤੁ ਮੈਲੀ ਹੋਇ ਜਾਇ॥ ਕੇਵਲ ਇੱਕ ਵਾਰੀ ਪੱਗ ਹੈ, ਹੋਰ ਸਭ ਥਾਈਂ ਪਗ ਪੋਲਾ ਹੈ।) ਹਰ ਥਾਂ ਕਾਮਣਿ ਕਸਕੇ ਬੋਲਣਾ। ਇੱਛ। ਸੁੱਖ- ਸਖੀ ਇਛ ਕਰੀ. ਨਿਤ ਸੁਖ

ਮਨਾਈ; ਪ੍ਰਭ ਮੇਰੀ ਆਸ ਪੁਜਾਏ॥ ਕੇਵਲ ਇੱਕ ਵਾਰੀ ਸੁੱਖ ਹੈ, ਹੋਰ ਸਭ ਥਾਈਂ ਸੁਖ ਸੁਖੀ ਸੁਖੇ ਪੋਲੇ ਹਨ।) ਪਦ ਪਾਠ ਸਭ ਥਾਈਂ ਪੋਲਾ ਹੈ, ਅਧਿਕ ਲਾਉਣ ਨਾਲ਼ ਅਨਰਥ ਬਣਦਾ ਹੈ।) ਬਿਖਿਆ ਸਭ ਥਾਈਂ ਪੋਲਾ ਬੋਲਣਾ) ਨੱਸ ਨੱਸੇ ਨੱਸੈ ਸਭ ਥਾਈਂ ਅਧਿਕ ਨਾਲ਼ ਸਹੀ ਹੈ, ਪੋਲਾ ਨਹੀਂ ਬੋਲਣਾ। ਬਿਖ ਸਭ ਥਾਈਂ ਪੋਲਾ ਹੈ। ਇੱਥੇ ਪਾਠ ਪੁਨ ਰਪਿ ਅੱਡ ਹੈ, ਬਾਕੀ ਹੋਰ ਸਾਰੇ ਸਰੂਪ 'ਚ ਪੁਨਰਪਿ ਇਕੱਠੇ ਹਨ:- ਆਸਾ॥ ਤਨੁ ਰੈਨੀ. ਮਨੁ ਪੁਨ ਰਪਿ ਕਰਿ ਹਉ; ਪਾਚਉ ਤਤ ਬਰਾਤੀ॥) ਸਮੱਧਾ ਪੜ੍ਹਿ। ਬੁੱਝਿ- ਗੁਰੁ ਭੇਟਿਆ ਪਾਰਬ੍ਰਹਮੁ ਹਰਿ; ਪੜਿ ਬੁਝਿ. ਸਮਧਾ॥) ਸਮਧਾ ਪੋਲਾ- ਏਤੜਿਆ ਵਿਚਹੁ ਸੋ ਜਨੁ ਸਮਧਾ॥) ਸੱਸੇ ਪੈਰ ਬਿੰਦੀ ਕਿਤੇ ਭੀ ਨਹੀਂ ਲਾਈ। ਸਬਦ ਅਸਟਪਦੀ ਆਦਿ ਸੱਸੇ ਪੈਰ ਬਿੰਦੀ ਕਿਤੇ ਭੀ ਨਹੀਂ ਲਾਉਣੀ। ਮਧ ਮਧੁ ਮਧੇ ਮਧਿ ਪੋਲੇ ਬੋਲਣੇ ਜੀ।) ਪ੍ਰਿਤਿਪਾਰ ਜਿਹੜੇ ਅੱਖਰ ਹੇਠਾਂ ਅੱਧਾ ਰਾਰਾ ਹੋਵੇ, ਉਸ ਅੱਖਰ ਦੀ ਲਗ ਅੱਧੇ ਰਾਰੇ ਨੂੰ ਲੱਗਦੀ ਹੈ। ਸੋ ਪ੍ਰਿਤਿਪਾਰ ਪੱਪਾ ਮੁਕਤਾ, ਅੱਧੇ ਰਾਰੇ ਨੂੰ ਸਿਹਾਰੀ ਲਾਉਣੀ, ਅੱਗੇ ਤੱਤੇ ਨੂੰ ਸਿਹਾਰੀ ਲਾਉਣੀ। ਪ੍ਰਿਤਿਪਾਰ, ਅੱਧੇ ਰਾਰੇ ਨੂੰ ਪੋਲਾ ਬੋਲਣਾ। ਅੰਮ੍ਰਿਤਿ ਅੰਮ੍ਰਿਤਿ, ਐੜੇ ਟਿੱਪੀ ਮ ਮੁਕਤਾ, ਅੱਧੇ ਰਾਰੇ ਨੂੰ ਸਿਹਾਰੀ ਲਾਉਣੀ, ਅੱਗੇ ਤੱਤੇ ਨੂੰ ਸਿਹਾਰੀ ਲਾਉਣੀ।

{ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਹਨ! ਹੁਣ ਉੱਬਲਦੀ ਦੇਗ'ਚ ਚੌਂਕੜਾ ਲਾ ਰਹੇ ਹਨ। ਹੁਣ ਮੱਚਦੇ ੨ ਰੇਤੇ 'ਤੇ ਬੈਠ ਰਹੇ ਹਨ, ਹੁਣ ਮੱਚਦਾ ੨ ਰੇਤਾ ਆਪਣੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਸੀਸ'ਤੇ ਹੁਣ ਪੁਆ ਰਹੇ ਹਨ, ਹੁਣ ਮੱਚਦੀ ੨ ਲੋਹ'ਤੇ ਖੜ੍ ਰਹੇ ਹਨ।}

{ਧਰਮ ਹੇਤ; ਸਾਕਾ ਜਿਨਿ ਕੀਆ॥ ਸੀਸੁ ਦੀਆ; ਪਰੁ.ਸਿਰਰੁ ਨ ਦੀਆ॥ ਧੰਨ ਹਨ ਧੰਨ ਹਨ ਧੰਨ, ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਹਨ, ਹੁਣ ਲੋਹੇ ਦੇ ਤੰਗ ਪਿੰਜਰੇ 'ਚ ਤਿੱਖੇ ਕਿੱਲਾਂ ਵਿਚਕਾਰ ਬੈਠੇ, ਵਾਹਿਗੁਰੂ ਵਾਹਿਗੁਰੂ ਜਪ ਰਹੇ ਹਨ। ਹੁਣ ਸੀਸ ਕੁਰਬਾਨ ਕਰ ਰਹੇ ਹਨ। ਆਪ ਜੀ ਦਾ ਸ਼ਹੀਦ ਹੋਇਆ ਸੀਸ, ਹੁਣ ਦਾਸਨ ਦਾਸੀ ਦੇ ਸਿਰ 'ਤੇ ਸਜ ਰਿਹਾ ਹੈ।}

੨੦. ਪਰਮਪੂਜਨੀਕ ਅੰਮ੍ਰਿਤ ਸ੍ਰੀ ਜਪੁ ਜੀ ਸਾਹਿਬ ਜੀ ਉਥਾਨਕਾ ਅਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਨਾਲ, ਪ੍ਰਕਾਸ਼ਣੇ ਕਿਉਂ ਜ਼ਰੂਰੀ ਹਨ? {ਪ੍ਰੇਮ ਬੇਨਤੀ:- ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਜਾਂ ਆਦਿ ਪੋਥੀ, ਗੁਟਕੇ ਸਾਹਿਬ ਜੀ 'ਤੇ ਵਿਸਰਾਮ, ਅਰਧ ਵਿਸਰਾਮ, ਬਿੰਦੀ ਅਧਕ ਨਹੀਂ ਲਿਖਣੇ}

ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਧੰਨ ਹਨ! ਆਪ ਜੀ ਕੋਟਾਨ ਕੋਟਿ ਸੂਰਜਾਂ, ਚੰਦ੍ਰਮਿਆਂ ਤਾਰਿਆਂ, ਬਿਜਲੀਆਂ, ਅਗਨੀਆਂ, ਟਟਿਆਣਿਆਂ ਨੂੰ ਆਪਣੇ ਨਿਰਗੁਨ ਸਰੂਪ ਜੀ ਦੁਆਰਾ ਹੁਣ ਪ੍ਰਕਾਸ਼ ਰਹੇ ਹਨ। ਆਪ ਜੀ ਦੇ ਪਰਮਪੂਜਨੀਕ ਸੱਚੇ ਚਰਨ-ਕਮਲਾਂ 'ਚ, ਧੰਨ ਸਤਿਗੁਰੂ ਅੰਗਦ ਦੇਵ ਸਾਹਿਬ ਜੀ ਦੁਨੀਆਂ ਦੇ ਲਾਲਚ ਵਿਕਾਰ ਔਗੁਣ ਛੱਡ ਕੇ, ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਖੇ ਪਹੁੰਚੇ। ਯਥਾ:- ਓਨਿ ਛਡੇ ਲਾਲਚ ਦੁਨੀ ਕੇ; ਅੰਤਰਿ ਲਿਵ ਲਾਈ॥ ਮਹੱਲੇ ਪਹਿਲੇ ਜੀ ਨੇ ਭਾਰੀ ਪ੍ਰਸੰਨ ਹੋ ਕੇ ਵਰ ਬਖ਼ਸ਼ਿਆ, "ਮਹਾਂ ਪੁਰਖਾ ਆਪ ਜੀ ਨੇ ਲੈਣਾ, ਦਾਸਨ ਦਾਸ ਨੇ ਦੇਣਾ। " ਆਪਣੇ ਸੱਚੇ ਚਰਨ-ਕਮਲ ਧੋ ਕੇ ਪਿਆਏ। ਮੂਲ ਮੰਤ੍ਰ, ਵਾਹਿਗੁਰੂ ਮੰਤ੍ਰ ਜੀ ਬਖ਼ਸ਼ੇ। ਇੱਕ ਵਾਰੀ ਸੱਚੇ ਸੌਦੇ ਵਾਲੇ ਸੰਤਰੇਣ ਜੀ,

ਵੈਰਾਗੀਆਂ ਦੀ ਜਮਾਤ ਸਮੇਤ, ਸ੍ਰੀ ਕਰਤਾਰਪੁਰ ਸਾਹਿਬ ਜੀ ਵਿਖੇ ਪਹੁੰਚੇ। ਪਰਮਪੂਜਨੀਕ ਸਤਿਗੁਰੂ ਪਹਿਲੇ ਪਾਤਿਸਾਹ ਜੀ ਤੋਂ ਗੁਰ ਮੰਤ੍ਰ, ਮੂਲ ਮੰਤ੍ਰ, ਮਾਲਾ ਮੰਤ੍ਰ ਬਾਰੇ ਪੁੱਛਿਆ, ਤਾਂ ਆਪ ਜੀ ਨੇ, ਨਾਨਕ ਨਦਰੀ; ਨਦਰਿ ਨਿਹਾਲ॥ ੩੮॥ ਵਾਲੀ ਮਿਹਰ ਕਰਦਿਆਂ ਕਿਹਾ, "ੴ ਤੋਂ, ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥ ੧॥ ਤੱਕ ਮੂਲ ਮੰਤ੍ਰ, ਵਾਹਿਗੁਰੂ ਗੁਰ ਮੰਤ੍ਰ ਅਤੇ ਸ੍ਰੀ ਜਪੁ ਜੀ ਸਾਹਿਬ ਜੀ ਮਾਲਾ ਮੰਤ੍ਰ ਹਨ, ਜੋ ਦਾਸਨ ਦਾਸ ਨੇ ਪਹਿਲਾਂ ਸੱਚਖੰਡ ਅਕਾਲ ਪੁਰਖ ਜੀ ਦੇ ਸਨਮੁਖ, ਫੇਰ ਸੁਮੇਰ ਪਰਬਤ 'ਤੇ ਸਿੱਧਾਂ ਪਰਥਾਇ ਉਚਾਰੇ ਹਨ।"

ਧੰਨ ਸਤਿਗੁਰੂ ਅੰਗਦ ਦੇਵ ਸਾਹਿਬ ਜੀ ਨੇ, ਵਾਹਿਗੁਰੂ ਮਹੱਲੇ ਪਹਿਲੇ ਜੀ ਤੋਂ, ਗੁਰਮੁਖਿ; ਰੋਮਿ ਰੋਮਿ ਹਰਿ ਧਿਆਵੈ॥ ਅਨੁਸਾਰ ਵਿਸਮਾਦ ਰੰਗ 'ਚ ਲੀਨ ਹੋ ਕੇ, ਗੁਰ ਸੰਗਤਾਂ ਲਈ ਲਿਖੇ। ਧੰਨ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੇ ਅਗਮ ਅਪਾਰ ਸੱਚੇ ਨਾਮ ਖ਼ਜ਼ਾਨੇ ਦੀ ਸੰਭਾਲ ਕੀਤੀ। ਅਤਿਅੰਤ ਪਿਆਰੀ ਸਿੱਖੀ, ਸੱਚੇ ਗੁਰਬਾਣੀ ਜੀ ਸਰਬੱਤ ਦੇ ਭਲੇ ਲਈ ਸੰਸਾਰ 'ਤੇ, ਸਦਾ ਲਈ ਰੱਖ ਲਏ।

ਪਾਰਬ੍ਰਹਮ ਕੇ ਗੁਰ ਅਵਤਾਰ, ਸਾਚੇ ਸਿਰਜਨਹਾਰ, ਗੁਰੂ ਗੁਰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਸਦ ਸਦਾ ਨਮਸਕਾਰ ਹੈ ਜੀ, ਆਪ ਜੀ ਨੂੰ ਅਕਾਲ ਪੁਰਖ ਸਾਹਿਬ ਜੀ ਨੇ ਸਰਗੁਨ ਸਰੂਪ ਧਾਰ ਕੇ, ਮਹਾਂ ਮਹਾਂ ਵਿਸਮਾਦ ਦਰਸ਼ਨ ਬਖ਼ਸ਼ੇ। ਆਪ ਜੀ ਨੇ ਰੋਮਿ ਰੋਮਿ ਦੇ ਪਿਆਰ ਸਤਿਕਾਰ ਨਾਲ ਨਮਸਕਾਰ ਕੀਤੀ। ਅਕਾਲ ਪੁਰਖ ਜੀ ਨੇ ਮਹਾਂ ਪ੍ਰਸੰਨ ਹੋ ਕੇ, ਛਾਤੀ ਨਾਲ ਲਾ ਕੇ, ਘੁੱਟ ਕੇ ਪਿਆਰ ਕੀਤਾ, ਵਰ ਬਖ਼ਸ਼ੇ, "ਆਪ ਜੀ ਗੁਰ ਪ੍ਰਮੇਸਰ, ਦਾਸਨਦਾਸ ਪਾਰਬ੍ਰਹਮ ਪ੍ਰਮੇਸਰ, ਆਪ ਜੀ ਤੇ ਦਾਸਨ ਦਾਸ ਦੀ ਏਕਤਾ ਅਭੇਦਤਾ ਰਹੇਗੀ। ਗੁਰਬਾਣੀ ਉਚਾਰ ਕੇ, ਗੁਰਬਾਣੀ ਅਰਥ ਕਥਾ ਕੀਰਤਨ, ਪ੍ਰੇਮਾ-ਭਗਤੀ ਦੁਆਰਾ ਖੰਡਾਂ ਬ੍ਰਹਮੰਡਾਂ ਦਾ ਉਧਾਰ ਕਰੋਂਗੇ। ਘਰ ੨ ਅੰਦਰ ਆਪ ਜੀ ਦੀ ਮੰਨਤਾ ਪੂਜਾ ਸਦਾ ਲਈ ਹੋਵੇਗੀ।"

ਉਪ੍ਰੋਕਤ ਵਰਾਂ ਨੂੰ ਪ੍ਰਾਪਤ ਹੋ ਕੇ, ਸੁਲਹ ਦੇ ਪੈਗੰਬਰ, ਸ਼ਾਂਤੀ ਦੇ ਸਾਗਰ, ਬ੍ਰਹਮ ਰਤਨਾਗਰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਅਕਾਲ ਪੁਰਖ ਜੀ ਦੇ ਸਨਮੁਖ, ਸੰਪੂਰਨ ਸ੍ਰੀ ਜਪੁ ਜੀ ਸਾਹਿਬ ਜੀ ਉਚਾਰੇ। ਇਨ੍ਹਾਂ ਦਾ ਨਾਮ ਮਾਲਾਮੰਤ੍ਰ ਹੈ। ਪਰਮਪੂਜਨੀਕ ਸ੍ਰੀ ਅਕਾਲ ਪੁਰਖ ਜੀ ਨੇ ਮਹਾਨ ਖੁਸ਼ ਹੋ ਕੇ ਹੋਰ ਵਰ ਬਖਸ਼ੇ। "ਜਿਹੜੇ ਪ੍ਰੇਮੀ. ਪ੍ਰੇਮ ਨਾਲ ਸਨਿਗਧ ਹੋ ਕੇ, ਇਸ ਬਾਣੀ ਦਾ ਪਾਠ ਕਰਨਗੇ ਉਨ੍ਹਾਂ 'ਤੇ ਦਾਸਨ ਦਾਸ ਦੀ ਪਰਮ-ਪ੍ਰਸੰਨਤਾ ਹੋਵੇਗੀ, ਸਭ ਪਦਾਰਥ ਸਾਰੇ ਸੁਖ ਪ੍ਰਾਪਤ ਕਰਕੇ, ਦਾਸਨ ਦਾਸ ਦੇ ਦਰਸ਼ਨ ਪਾ ਕੇ ਨਿਹਾਲ ਹੋਵਣਗੇ।"

ਜਿਸ ਦਿਨ ਤੋਂ ਸ੍ਰੀ ਜਪੁ ਜੀ ਸਾਹਿਬ ਜੀ ਉਚਾਰੇ ਗਏ, ਓਸੇ ਦਿਨ ਤੋਂ ਦੇਵੀ ਦੇਵਤੇ ਆਦਿ ਸਭ ਇਨ੍ਹਾਂ ਦਾ ਅੰਮ੍ਰਿਤ ਨਿੱਤਨੇਮ ਪਾਠ ਕਰਦੇ ਹਨ। ਸ੍ਰੀ ਜਪੁ ਜੀ ਸਾਹਿਬ ਜੀ ਮੂਲ ਰੂਪ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਾਨੋ ਇਨ੍ਹਾਂ ਦਾ ਸਟੀਕ ਹਨ। ਵਾਹਿਗੁਰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਮੁਖੋਂ ਉਚਾਰਨੇ ਕਰਕੇ, ਸ੍ਰੀ ਜਪੁ ਜੀ ਸਾਹਿਬ ਜੀ ਦੀ ਮਹਾਨ ਮਹਾਨਤਾ ਉੱਚਤਾ ਸੁੱਚਤਾ ਕਹੀ ਨਹੀਂ ਜਾ ਸਕਦੀ ਜੀ। ਇਸ ਕਰਕੇ ਇਨ੍ਹਾਂ ਦਾ ਅੰਮ੍ਰਿਤ ਨਿੱਤਨੇਮ, ਅਭਿਆਸ ਦਸਾਂ ਹੀ ਸਤਿਗੁਰਾਂ ਜੀ, ਤਮਾਮ ਬ੍ਰਹਮਗਿਆਨੀ ਸੰਤਾਂ ਸ਼ਹੀਦਾਂ ਨੇ ਪ੍ਰੇਮ ਸਹਿਤ ਕੀਤਾ ਹੈ। ਜਿਵੇਂ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਸ੍ਰੀ ਕਿੱਲੀ ਸਾਹਿਬ ਜੀ ਨੂੰ ਪਕੜ ਕੇ, ੮੪ ਸ੍ਰੀ ਜਪੁ ਜੀ ਸਾਹਿਬ ਜੀ ਦੇ ਅੰਮ੍ਰਿਤ ਪਾਠ ਖੜ੍ ਕੇ ਕਰਦੇ ਸਨ। ਇਸ ਲਈ ਆਪ ਜੀ ਨੇ ਚਉਰਾਸੀ ਲੱਖ ਜੂਨ ਦਾ ਗੇੜਾ ਮੇਟਣ ਲਈ, ਸ੍ਰੀ

ਬਉਲੀ ਸਾਹਿਬ ਜੀ ਵਿਖੇ. ੮੪ ਪੌੜੀਆਂ, ੮੪ ਸ੍ਰੀ ਜਪੁ ਜੀ ਸਾਹਿਬ ਜੀ ਦੇ ਅੰਮ੍ਰਿਤ ਪਾਠ, ਚਉਰਾਸੀ ਇਸ਼ਨਾਨ ਕਰਨ ਦਾ ਹੁਕਮ ਦਿਤਾ ਹੈ ਜੀ।

ਤਮਾਮ ਪ੍ਰੇਮੀ ਸਿੱਖ ਚੜ੍ਹਾਈ ਕਰਨ ਸਮੇਂ, ਦਸੇ ਪਾਤਿਸ਼ਾਹ ਜੋਤੀ ਜੋਤਿ ਸਮਾਉਣ ਵੇਲੇ ਭੀ ਇਸ਼ਨਾਨ ਕਰਕੇ, ਸ੍ਰੀ ਜਪੁ ਜੀ ਸਾਹਿਬ ਪੜ੍ਹ ਕੇ ਜੋਤੀ ਜੋਤਿ ਸਮਾਉਂਦੇ ਰਹੇ ਹਨ। ਜਿਵੇਂ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਨੇ ਰਾਵੀ 'ਚ, ਪਰਮਪਵਿੱਤ੍ਰ ਇਸ਼ਨਾਨ ਕਰਕੇ, ਬਾਹਰ ਆ ਕੇ ਸ੍ਰੀ ਜਪੁ ਜੀ ਸਾਹਿਬ ਜੀ ਦਾ ਅੰਮ੍ਰਿਤ ਪਾਠ ਕੀਤਾ, ਪ੍ਰੇਮੀ ਵੈਰਾਗੀ ਸਿੱਖਾਂ ਨੇ ਸ਼ਰਧਾ ਸਹਿਤ ਸੁਣੇ, ਭੋਗ ਪਾ ਕੇ ਜੋਤੀ ਜੋਤਿ ਸਮਾਏ। ਸ਼ਹੀਦ ਭਾਈ ਮਤੀ ਦਾਸ ਸਾਹਿਬ ਜੀ ਦੇ ਸੀਸ 'ਤੇ ਆਰਾ ਰੱਖਿਆ ਤਾਂ ਆਪ ਜੀ ਨੇ ਪਰਮਪਵਿੱਤ੍ਰ ਸ੍ਰੀ ਜਪੁ ਜੀ ਸਾਹਿਬ ਜੀ ਅਰੰਭ ਕਰ ਦਿੱਤੇ। ਜਦੋਂ ਪੜ੍ਹਦੇ ਹੋਏ ਪੰਚ ਪਰਵਾਣ; ਤੇ ਆਏ ਤਾਂ ਸ਼ਰੀਰ ਦੇ ਦੋ ਫਾੜੇ ਹੋ ਗਏ। ਦੋਹਾਂ ਫਾੜਿਆਂ 'ਚੋਂ ਸ੍ਰੀ ਜਪੁ ਜੀ ਸਾਹਿਬ ਜੀ ਦਾ ਅੰਮ੍ਰਿਤ ਪਾਠ ਉੱਚੀ ਬੋਲ ਕੇ ਕੀਤਾ। ਸਤਿਗੁਰੂ ਤੇਗਬਹਾਦਰ ਸਾਹਿਬ ਜੀ ਨੇ ਸ਼ਹੀਦੀ ਤੋਂ ਪਹਿਲਾਂ ਖ਼ੂਹੀ 'ਤੇ ਇਸ਼ਨਾਨ ਕੀਤਾ, ਉਪਰੰਤ ਅੰਮ੍ਰਿਤ ਸ੍ਰੀ ਜਪੁ ਜੀ ਸਾਹਿਬ ਜੀ ਅਰੰਭ ਕੀਤੇ।; ਕੇਤੀ ਛੁਟੀ ਨਾਲਿ॥ 'ਤੇ ਜਲਾਦ ਨੇ ਵਾਰ ਕਰ ਦਿੱਤਾ। ਸ੍ਰੀ ਗੁਰੂ ਪੰਜਵੇਂ ਪਾਤਿਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ੱਚ ਲਿਖੇ ਹਨ। ਇਸ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਆਰੰਭ, ਭੋਗ ਤੋਂ ਬਾਅਦ ਪੜ੍ਹੇ ਜਾਂਦੇ ਹਨ। ਸ੍ਰੀ ਗੁਰੂ ਦਸਵੇਂ ਪਾਤਿਸ਼ਾਹ ਜੀ ਨੇ ਸ੍ਰੀ ਕੇਸਗੜ੍ਹ ਸਾਹਿਬ ਵਿਖੇ, ਖੰਡੇ ਬਾਟੇ ਦਾ ਪਰਮਪਵਿੱਤ੍ਰ ਅੰਮ੍ਰਿਤ ਛਕਾਉਣ ਸਮੇਂ ਪੰਜਾਂ ਬਾਣੀਆਂ 'ਚੋਂ ਪਹਿਲਾਂ ਇਹੋ ਹੀ ਅੰਮ੍ਰਿਤ ਗੁਰਬਾਣੀ ਜੀ ਪੜ੍ਹੇ ਹਨ। ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ ਜੀ, ਸ੍ਰੀ ਜਪੁ ਜੀ ਸਾਹਿਬ ਜੀ ਦੇ ਅੰਮ੍ਰਿਤ ੧੧੦ ਪਾਠ ਨਿੱਤ ਕਰਿਆ ਕਰਦੇ।

ਸੋ ਗੁਰੂ ਪਿਆਰੀ ਦੁਲਾਰੀ ਸਵਾਰੀ ਸਤਿਕਾਰੀ ਸਾਧ ਸੰਗਤ ਜੀਓ! ਸ੍ਰੀ ਜਪੁ ਜੀ ਸਾਹਿਬ ਜੀ ਦੀ ਮਹਿਮਾ ਦਸਾਂ ਸਤਿਗੁਰਾਂ ਜੀ, ਅਕਾਲ ਪੁਰਖ ਜੀ ਦੇ ਤੁੱਲ ਹੈ। ਸ੍ਰੀ ਜਪੁ ਜੀ ਸਾਹਿਬ ਜੀ, ਦਸੇ ਗੁਰੂ ਸਾਹਿਬਾਨਾਂ ਜੀ, ਅਕਾਲ ਪੁਰਖ ਜੀ ਦੀ ਏਕਤਾ ਹੈ। ਪਾਰਬ੍ਰਹਮ ਕੇ ਗੁਰ ਅਵਤਾਰ ਪਰਮਪੂਜਨੀਕ ਗੁਰੂ ਗੁਰ ਸਤਿਗੁਰੂ ਪਹਿਲੇ ਪਾਤਿਸ਼ਾਹ ਜੀ ਨੇ ਅੰਮ੍ਰਿਤ ਸ੍ਰੀ ਜਪੁ ਜੀ ਸਾਹਿਬ ਜੀ ਪੂਰਨ ਬ੍ਰਹਮਗਿਆਨ ਦੀ ਪ੍ਰਾਪਤੀ ਲਈ ਬਖ਼ਸ਼ੇ ਹਨ। ਮਹੱਲੇ ਦਸਵੇਂ ਜੀ ਦਾ ਹੁਕਮ ਮੰਨ ਕੇ, ਅੰਮ੍ਰਿਤ ਵੇਲੇ ਨਿੱਤਨੇਮ ਕਰਦੇ ਹਨ। ਪ੍ਰਾਣੀ ਨੂੰ ਚਿਖਾ 'ਤੇ ਰੱਖ ਕੇ ਸ੍ਰੀ ਜਪੁ ਜੀ ਸਾਹਿਬ ਜੀ ਦਾ ਪਾਠ ਕਰਕੇ ਅਰਦਾਸ ਕਰਕੇ ਚੰਡਾ ਲਾਇਆ ਜਾਂਦਾ ਹੈ।

ਸਤਿਗੁਰੂ ਛੇਵੇਂ ਪਾਤਿਸ਼ਾਹ ਜੀ ਨੇ ਭਾਈ ਗੋਪਾਲੇ ਜੀ ਤੋਂ ਇੱਕ ਸ੍ਰੀ ਜਪੁ ਜੀ ਸਾਹਿਬ ਜੀ ਦਾ ਸ਼ੁੱਧ ਪਾਠ ਸੁਣ ਕੇ, ਸੁਨੈਹਰੀ ਕਾਠੀ ਸਮੇਤ ਸਵਾ ਲੱਖ ਦਾ ਸੁੰਦਰ ਘੋੜਾ, ਅਮੋਲਕ ਵਰ ਬਖ਼ਸ਼ੇ। ਸਤਿਗੁਰੂ ਸਾਹਿਬ ਜੀ ਨੇ ਇੱਕ ਸ਼ੁੱਧ ਸ੍ਰੀ ਜਪੁ ਜੀ ਸਾਹਿਬ ਜੀ ਪੜ੍ਹਨ ਦਾ ਇਤਨਾ ਵੱਡਾ ਮਹਾਤਮ ਜਣਾਇਆ ਹੈ। ਇਸ ਕਰਕੇ ਜਿੱਥੇ ਸੋਲ਼ਾਂ ਪਹਿਰ ਸ੍ਰੀ ਅਖੰਡ ਪਾਠ ਸਾਹਿਬ ਜੀ ਹੋਣੇ ਹੋਣ, ਉੱਥੇ ਕਿਉਂ ਨਾ ਸ੍ਰੀ ਜਪੁ ਜੀ ਸਾਹਿਬ ਜੀ ਪੜ੍ਹੇ ਜਾਣ? ਜ਼ਰੂਰ ਸ੍ਰੀ ਜਪੁ ਜੀ ਸਾਹਿਬ ਪ੍ਰਕਾਸ਼ ਕਰਨੇ ਚਾਹੀਦੇ ਹਨ।

ਪਰਮਪੂਜਨੀਕ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਨੇ ਸ੍ਰੀ ਦਮਦਮਾ ਸਾਹਿਬ ਜੀ ਅਤੇ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਪ ਸੁਣੇ ਅਤੇ ਸ੍ਰੀ ਜਪੁ ਜੀ ਸਾਹਿਬ ਜੀ ਦਾ ਅੰਮ੍ਰਿਤ ਪਾਠ ਭੀ ਹੁਕਮ ਕਰਕੇ ਨਾਲ ਹੀ ਪ੍ਰਕਾਸ਼ ਕਰਵਾਏ। ਸ੍ਰੀ ਜਪੁ ਜੀ ਸਾਹਿਬ ਦਾ ਅਖੰਡ ਪਾਠ ਨਾਲ ਰੱਖਣ ਦਾ ਹੁਕਮ ਕੀਤਾ। ਪੂਰਨ ਸਤਿਕਾਰ ਪ੍ਰੇਮ ਸਹਿਤ ਸ੍ਰੀ ਅਖੰਡ ਪਾਠੀਆਂ ਨੂੰ ਪੂਰੀਆਂ ਲਗਾਂ ਮਾਤ੍ਰਾਂ

ਲਾਉਣੀਆਂ ਚਾਹੀਦੀਆਂ ਹਨ। ਭਾਵੇਂ ਪੂਰਨ ਯਤਨ ਨਾਲ ਲਗਾਂ ਮਾਤ੍ਰਾਂ ਲਾਈਆਂ ਜਾਣ ਪਰ ਫੇਰ ਭੀ ਉਬਾਸੀ, ਛਿੱਕ ਸਮੇਂ ਰਹਿ ਹੀ ਜਾਂਦੀਆਂ ਹਨ। ਸ੍ਰੀ ਜਪੁ ਜੀ ਸਾਹਿਬ ਜੀ ਦੇ ਪਾਠਾਂ ਕਰਕੇ ਰਹੀਆਂ ਲਗਾਂ ਦੀ ਘਾਟ ਭੀ ਪੂਰੀ ਹੋ ਜਾਂਦੀ ਹੈ।

ਜਪੁ ਜੀ ਸਾਹਿਬ ਜੀ ਦੀ ਰੌਲ਼ ’ਤੇ, ਸੰਥਾ ਦੀ ਸ਼ੁੱਧੀ ਬਿਨਾ, ਆਮ ਕਰਕੇ ਛੋਟੇ ਬੱਚੇ ਹੀ ਲੱਗਦੇ ਹਨ। ਜੇਕਰ ਸੰਥਾ ਦੀ ਵਿਸ਼ੇਸ਼ ਸ਼ੁੱਧੀ ਵਾਲੇ ਪ੍ਰੇਮੀ ਲੱਗਣ, ਤਾਂ ਬਹੁਤ ੩ ਹੀ ਚੰਗਾ ਹੋਵੇ। ਜੇ ਕੋਈ ਸਿਆਣਾ ਪੁਰਖ ਸ੍ਰੀ ਜਪੁ ਜੀ ਸਾਹਿਬ ਜੀ ਦੀ ਰੌਲ਼ ’ਤੇ ਲੱਗੇ ਤਾਂ ਉਹ ਆਪਣੀ ਹੱਤਕ ਨ ਮੰਨੇ, ਮੇਰੇ ਨਾਲੋਂ ਛੋਟਾ, ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਰੌਲ਼ ’ਤੇ ਲੱਗਾ ਹੈ। ਦਰਸ਼ਨ ਕਰਨ ਵਾਲਾ ਪ੍ਰੇਮੀ ਭੀ ਦੋਹਾਂ ਨੂੰ ਸਮਦ੍ਰਿਸਟੀ ਨਾਲ ਹੀ ਦੇਖੇ। ਇੱਕੋ ਗੁਰਬਾਣੀ ਜੀ ਦੀ ਇੱਕੋ ਮਹਾਨਤਾ ਸਮਝਣੀ ਚਾਹੀਦੀ ਹੈ। ਇਸ ਅੰਮ੍ਰਿਤ ਬਾਣੀ ਦਾ ਪਾਠ ਰੱਖਣ ਦੇ ਬਹੁਤ ਹੀ ਫ਼ਾਇਦੇ ਹਨ। ਜਦੋਂ ਤੋਂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਨੇ ਸ੍ਰੀ ਜਪੁ ਜੀ ਸਾਹਿਬ ਦਾ ਅਖੰਡ ਪਾਠ ਨਾਲ ਰਖਾਇ ਸਨ, ਤਦੋਂ ਤੋਂ ਕਿਤਨੇ-ਕੁ ਪਾਠ ਹੋ ਚੁੱਕੇ ਹਨ? ਹੁਣ ਕਿਤਨੇ-ਕੁ ਹੋ ਰਹੇ ਹਨ? ਅਗਾਂਹ ਨੂੰ ਕਿਤਨੇ-ਕੁ ਹੋਣਗੇ? ਅੱਗੇ ਛੋਟੇ ਬੱਚਿਆਂ ਨੂੰ ਪ੍ਰੇਮ ਦੀ ਲਾਗ ਲੱਗਦੀ ਹੈ। ਉਨ੍ਹਾਂ ਨੂੰ ਭੀ ਰੌਲ਼ ’ਤੇ ਲੱਗਣ ਦਾ ਸੁਭਾਗਾ ਟਾਈਮ ਮਿਲਦਾ ਹੈ। ਬਹੁਤ ਗ਼ਰੀਬ ਰੌਲ਼ ਲਾ ਕੇ, ਦੇਸ਼ ਪ੍ਰਦੇਸ਼ ’ਚ ਆਦਰ ਪਾਉਂਦੇ ਹਨ। ਰੌਲ਼ ਲਾਉਂਦਿਆਂ ੨ ਅਭਿਆਸ ਹੋਣ ’ਤੇ ਕੰਠ ਭੀ ਹੋ ਜਾਂਦੇ ਹਨ। ਜਿਹੜਾ ਪ੍ਰਵਾਹ ਸ੍ਰੀ ਗੁਰੂ ਜੀ ਨੇ ਚਲਾਇਆ ਹੈ, ਆਉਣ ਵਾਲੇ ਸਮੇਂ ੱਚ ਜਿਤਨੇ ਪਾਠ ਹੋਣਗੇ ਰੁਕ ਜਾਣਗੇ। ਇਸ ਪ੍ਰਵਾਹ ਨੂੰ ਚਲਾਈ ਰੱਖਣਾ ਚਾਹੀਦਾ ਹੈ, ਸੋ ਸਤਿਗੁਰਾਂ ਦੇ ਹੁਕਮ ਅਨੁਸਾਰ, ਅੰਮ੍ਰਿਤ ਸ੍ਰੀ ਜਪੁ ਜੀ ਸਾਹਿਬ ਜੀ ਨੂੰ ਸੱਚੇ ਸਤਿਗੁਰਾਂ ਜੀ ਦੇ ਆਰੰਭ ਵਾਲੇ ਪਾਸੇ ਪ੍ਰਕਾਸ਼ ਕਰੋ, ਜਿੱਧਰ ਲਿਖੇ ਹਨ। ਜੇ ਜਗ੍ਹਾ ਦੀ ਘਾਟ ਹੋਵੇ ਤਾਂ ਦੂਜੇ ਪਾਸੇ ਭੀ ਪ੍ਰਕਾਸ਼ ਹੋ ਸਕਦੇ ਹਨ। ਜਿਤਨੇ ਸ੍ਰੀ ਅਖੰਡ ਪਾਠ ਸਾਹਿਬ ਜੀ ਹੋਣ ਉਤਨੇ ਹੀ ਸ੍ਰੀ ਜਪੁ ਜੀ ਸਾਹਿਬ ਜੀ ਦੇ ਅਖੰਡ ਜਾਪ ਨਾਲ ਰੱਖੇ ਜਾਣ, ਨਹੀਂ ਤਾ ਇੱਕ ਜਪੁ ਜੀ ਸਾਹਿਬ ਜੀ ਬਰ ਜ਼ਰੂਰ ਹੀ ਰੱਖੇ ਜਾਣ।

ਖ਼ਾਸ ਪ੍ਰੇਮੀਆਂ ਨੂੰ ਹੀ ਵਾਹਿਗੁਰੂ ਜੀ ਦੀ ਪ੍ਰਾਪਤੀ ਹੁੰਦੀ ਹੈ। ਇੱਕ ਜਪੁ ਜੀ ਸਾਹਿਬ ਜੀ ਦੀ ਕਿਹੜੀ ਗੱਲ ਹੈ? ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਨਾਲ ਜਿੰਨੇ ਭੀ ਅਖੰਡ ਜਾਪ ਰੱਖੇ ਜਾਣ ਉਤਨਾ ਹੀ ਫਲ਼ ਹੈ। ਜੇਕਰ ਸ੍ਰੀ ਜਪੁ ਜੀ ਸਾਹਿਬ, ਜਾਪੁ ਸਾਹਿਬ, ਸੁਖਮਨੀ ਸਾਹਿਬ, ਮੂਲ ਮੰਤ੍ਰ, ਵਾਹਿਗੁਰੂ ਮੰਤ੍ਰ ਦੇ ਅਖੰਡ ਜਾਪ ਰੱਖੇ ਜਾਣ ਤਾਂ ਦਰਸ਼ਨ ਕਰਨ ਦਾ ਬੜਾ ਭਾਰੀ ਅਨੰਦ ਆਵੇ ਜੀ।

੨੧. ਆਦਿ ਅੰਗ ੧-੮- ੧ੴ ਸਤਿਨਾਮੁ. ਕਰਤਾ ਪੁਰਖੁ ਨਿਰਭਉ ਨਿਰਵੈਰੁ; ਅਕਾਲ ਮੂਰਤਿ. ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥ ਆਦਿ ਸਚੁ; ਜੁਗਾਦਿ ਸਚੁ॥ ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥ ੧॥

ਜਪੁ ਪੋਲਾ ਬੋਲਣਾ. (ਜੱਪ) ਖਾਣ ਅਰਥ ਹੈ। ਜਬੁ ਜੀ ਸੈਹਬ ਨਹੀਂ ਕਹਿਣਾ। ਬਾਣੀ ਦਾ ਨਾਮ ਜਪੁ ਹੈ, ਮਹੱਲਾ ਪਹਿਲਾ ਜੀ ਫ਼ੁਰਮਾ ਰਹੇ ਹਨ- “ਦਾਸਨ ਦਾਸ ਵਾਹਿਗੁਰੂ ਜੀ ਨੂੰ ਜਪੁ ਰਿਹਾ ਹੈ। ” ਜਪਣ ਦਾ ਪਰਮਪਵਿੱਤ੍ਰ ਸ਼ੁਭ ਸੱਚਾ ਉਪਦੇਸ਼ ਹੈ, ਸਤਿਗੁਰੂ ਜੀ ਨੇ ਸਾਹਿਬ ਅੱਖਰ ਸਤਿਕਾਰ ਲਈ ਵਰਤੇ ਹਨ। ਸਾਹਿਬ ਸੱਸੇ ਕੰਨਾ, ਮੂੰਹ ਅੱਡ ਕੇ ਦੀਰਘ ਲਾਉ, ਹਾਹੇ ਦੀ ਸਿਹਾਰੀ ਲਘੂ ਬੋਲੋ ਜੀ। ਸ੍ਰੀ ਦਮਦਮੀ ਟਕਸਾਲ ਅਨੁਸਾਰ ਇੱਕਓਅੰਕਾਰ ਤੋਂ ਆਰੰਭ ਕਰਨੇ ਚਾਹੀਦੇ ਹਨ। (ਗ਼ਲਤ ਉਚਾਰਨ ਇਕਮਕਾਰ ਏਕਮਕਾਰ, ਇਕਿਓਅੰਕਾਰ ਹਨ।) ਊੜੇ ਦਾ ਮੂੰਹ ਖੁੱਲ੍ਹਾ. ਹੋੜੇ ਦੀ ਅਵਾਜ਼- ਦੀਰਘ ਜਾਣ ਕੇ, ਲੰਬਾ ਪੂਰਾ ਫਬਾ ਕੇ ਇਕੱਠਾ ਇੱਕ-ਓਅੰਕਾਰ ੧ੴ ਬੋਲੋ। ਸੱਤਿ-ਨਾਮੁ) ਪੁਰ-ਖੁ) ਰਾਰਾ

ਮੁਕਤਾ ਸਵਾਰ ਕੇ, ਖੱਖੇ ਔਂਕੜ ਲਾਉ, ਰਾਰੇ ਔਂਕੜ ਨਹੀਂ ਲਾਉਣਾ. ਟਿਕਾਅ ਕੇ ਬੋਲੋ ਪੁਰ=ਖੁ। ਸੈ ਕਹਿ ਕੇ ਭੱਬੇ ਦੀ ਟਿੱਪੀ ਨੱਕ 'ਚ ਬੋਲੋ ਜੀ ਸੈ=ਭੰ, (ਸੈਬੰ ਜਾ ਸੈਭੰਗ ਗ਼ਲਤ ਉਚਾਰਨ ਹਨ) ਸੱਸੇ ਪੈਰ ਬਿੰਦੀ ਨਹੀਂ ਬੋਲਣੀ। ਪੱਪੇ ਮਗਰੋਂ ਅੱਧਾ ਰਾਰਾ ਖ਼ਿਆਲ ਨਾਲ ਬੋਲੋ, ਪ੍ਰਸਾਦਿ॥) ਪੋਲਾ ਜਪੁ॥) ਹਿੰਦੀ 'ਚ ਸਿਹਾਰੀ ਨੂੰ ਛੋਟੀ ਬਿਹਾਰੀ ਬੋਲਦੇ ਹਨ, ਇਸ ਅਨੁਸਾਰ ਆਦਿ ਨੂੰ ਆਦੀ ਨਹੀਂ ਪੜ੍ਹਨਾ, ਆ=ਦਿ ਕੰਨਾ ਲੰਬਾ ਬੋਲ ਕੇ, ਸਿਹਾਰੀ ਸੰਕੋਚ ਕੇ ਹੀ ਬੋਲੋ, ਸੱਚੁ ਔਂਕੜ ਭੀ ਲਾਉ, ਆ=ਦਿ ਸੱਚੁ; ਜੁੱਗਾ=ਦਿ ਸੱਚੁ॥ ਆਦਿ ਸਚੁ; ਜੁਗਾਦਿ ਸਚੁ॥ ਭੀ ਨੂੰ ਬ੍ਹੀ ਨਹੀਂ ਪੜ੍ਹਨਾ, ਹੋਂਸੀ- ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥ ੧॥

ਹੋ=ਵਈ ਲੱਖ) ਸੋਚੈ, ਸੋਚਿ ਨ ਹੋਵਈ; ਜੇ ਸੋਚੀ ਲਖ ਵਾਰ॥) ਚੁੱਪੈ, ਚੁੱਪਿ- ਚੁਪੈ. ਚੁਪਿ ਨ ਹੋਵਈ; ਜੇ ਲਾਇ ਰਹਾ ਲਿਵ ਤਾਰ॥) ਭੁੱਖਿਆਂ ਭੁੱਖ ਉੱਤਰੀ ਬੰਨ੍ਹਾ- ਭੁਖਿਆ. ਭੁਖ ਨ ਉਤਰੀ; ਜੇ ਬੰਨਾ ਪੁਰੀਆ ਭਾਰ॥) ਸਹਸ ਤਿੰਨੇ ਅੱਖਰ ਮੁਕਤੇ ਬੋਲਣੇ, ਸੈਹਿਸ ਬੋਲਣਾ ਗ਼ਲਤ ਹੈ। ਹੋਹਿ ਹੋੜਾ ਲੰਬਾ, ਸਿਹਾਰੀ ਸੰਕੋਚ ਕੇ ਬੋਲੋ, ਹਾਹੇ ਸਿਹਾਰੀ ਦੀ ਥਾਂ, ਦੁਲਾਵਾਂ ਨਹੀਂ ਬੋਲਣੀਆਂ। ਤ, ਨ ਮੁਕਤੇ ਬੋਲੋ। ਇੱਕ, ਨਾਲਿ ਸਿਹਾਰੀ ਖ਼ਿਆਲ ਨਾਲ ਬੋਲੋ, ਨਾਲਿ ਦੇ ਲੱਲੇ ਪੈਰ ਹਲੰਤ ਲਾ ਕੇ ਭਾਰਾ ਨਹੀਂ ਬੋਲਣਾ। ਹਜ਼ਾਰ[1]। ਚੱਲੈ- ਸਹਸ[1] ਸਿਆਣਪਾ. ਲਖ ਹੋਹਿ; ਤ ਇਕ ਨ ਚਲੈ ਨਾਲਿ॥) ਸੱਚਿਆਰਾ, ਤੁੱਟੈ, ਪਾਲਿ ਲੱਲੇ ਪੈਰ ਬਿੰਦੀ ਨਹੀਂ ਬੋਲਣੀ, ਸਿਹਾਰੀ ਖ਼ਿਆਲ ਨਾਲ ਬੋਲੋ। [1]ਸੱਚ ਦੀ ਪ੍ਰਾਪਤੀ ਵਾਲੇ। [2]ਕੰਧ- ਕਿਵ.[1]ਸਚਿਆਰਾ ਹੋਈਐ; ਕਿਵ. ਕੂੜੈ ਤੁਟੈ [2]ਪਾਲਿ॥) ਚੱਲਣਾ- ਹੁਕਮਿ ਰਜਾਈ ਚਲਣਾ; ਨਾਨਕ. ਲਿਖਿਆ ਨਾਲਿ॥ ੧॥

ਪਉੜੀ ੨. ਹੋ=ਵਨਿ. ਆਕਾਰ ਐੜੇ ਕੰਨਾ ਖ਼ਿਆਲ ਨਾਲ ਲਾਉ- ਹੁਕਮੀ. ਹੋਵਨਿ ਆਕਾਰ; ਹੁਕਮੁ. ਨ ਕਹਿਆ ਜਾਈ॥) ਜੀਅ ਦੀ ਬਿਹਾਰੀ ਦੀਰਘ ਬੋਲ ਕੇ, ਐੜਾ ਖ਼ਿਆਲ ਨਾਲ ਲਘੂ ਬੋਲੋ- ਹੁਕਮੀ. ਹੋਵਨਿ ਜੀਅ; ਹੁਕਮਿ. ਮਿਲੈ ਵਡਿਆਈ॥) ਉੱਤਮੁ। ਲਿਖਿ ਪੋਲਾ। ਦੁੱਖ। ਸੁਖ ਪੋਲਾ। ਪਾਈ=ਅਹਿ ਪਾਈ ਕਹਿ ਕੇ, ਐੜਾ ਮੁਕਤਾ ਕਹਿ ਕੇ, ਹਾਹੇ ਸਿਹਾਰੀ ਬੋਲੋ- ਹੁਕਮੀ, ਉਤਮੁ ਨੀਚੁ; ਹੁਕਮਿ ਲਿਖਿ, ਦੁਖ ਸੁਖ ਪਾਈਅਹਿ॥) ਭਵਾਈ=ਅਹਿ, ਭਵਾਈ ਕਹਿ ਕੇ ਐੜਾ ਮੁਕਤਾ ਬੋਲ ਕੇ, ਹਾਹੇ ਸਿਹਾਰੀ ਬੋਲੋ, ਐੜੇ ਦੁਲਾਵਾਂ ਨਹੀਂ ਬੋਲਣੀਆਂ- ਇਕਨਾ, ਹੁਕਮੀ ਬਖਸੀਸ; ਇਕਿ, ਹੁਕਮੀ ਸਦਾ ਭਵਾਈਅਹਿ॥) ਹਾਹਾ ਮੁਕਤਾ ਰਾਰੇ ਸਿਹਾਰੀ ਲਾ ਕੇ, ਬਾ=ਹਰਿ ਸ਼ੁੱਧ ਉਚਾਰੋ। ਗੁਰਬਾਣੀ ਜੀ 'ਚ, ਬਾਹਰਿ ਦੇ ਹਾਹੇ ਸਿਹਾਰੀ ਕਿਤੇ ਭੀ ਨਹੀਂ- ਹੁਕਮੈ ਅੰਦਰਿ. ਸਭੁ ਕੋ; ਬਾਹਰਿ ਹੁਕਮ. ਨ ਕੋਇ॥ ਜੇ ਤ੍ਰਿਸ਼ਨਾ, ਪਿਆਸ, ਅੱਗ, ਦਿਲ ਦਾ ਬੁਝਣਾ ਅਰਥ ਬਣੇ ਤਾਂ ਬੁਝੈ ਪੋਲਾ ਪੜ੍ਹਨਾ, ਪਰ ਜਿੱਥੇ ਹੁਕਮ ਗਿਆਨ ਨਾਮ ਪ੍ਰਸ਼ਨ ਪ੍ਰਮੇਸ਼ਰ ਬੁੱਝਾਰਤ ਬੁੱਝਣ ਦਾ ਅਰਥ ਬਣੇ, ਉੱਥੇ ਬੁੱਝੈ- ਨਾਨਕ. ਹੁਕਮੈ ਜੇ ਬੁਝੈ; ਤ ਹਉਮੈ. ਕਹੈ ਨ ਕੋਇ॥ ੨॥

ਪਉੜੀ ੩. [1]ਬਲ। ਗਾਵੈ, ਦੁਲਾਂ ਬੋਲੋ। ਕਿਸੈ ਪੋਲਾ- ਗਾਵੈ ਕੋ ਤਾਣੁ[1]; ਹੋਵੈ ਕਿਸੈ ਤਾਣੁ॥) ਗਾਵੈ ਕੋ ਦਾਤਿ; ਜਾਣੈ ਨੀਸਾਣੁ॥) [1]ਸੁੰਦਰ-ਗਾਵੈ ਕੋ; ਗੁਣ ਵਡਿਆਈਆ ਚਾਰ[1]॥)
ਵਿੱਦਿਆ, ਵਿਖਮੁ ਪੋਲਾ- ਗਾਵੈ ਕੋ; ਵਿਦਿਆ ਵਿਖਮੁ ਵੀਚਾਰੁ॥) ਖੇਹ ਦੇਹ ਲਾਂ ਲੰਬੀ ਬੋਲ ਕੇ, ਹਾਹੇ ਮੁਕਤੇ ਬੋਲੋ, ਹਾਹਿਆਂ ਸਿਹਾਰੀਆਂ ਨਹੀਂ ਲਾਉਣੀਆਂ- ਗਾਵੈ ਕੋ; ਸਾਜਿ ਕਰੇ ਤਨੁ ਖੇਹ॥ ਗਾਵੈ ਕੋ; ਜੀਅ ਲੈ ਫਿਰਿ ਦੇਹ॥) ਦਿਸੈ ਪੋਲਾ- ਗਾਵੈ ਕੋ; ਜਾਪੈ ਦਿਸੈ ਦੂਰਿ॥ ਗਾਵੈ ਕੋ; ਵੇਖੈ ਹਾਦਰਾ ਹਦੂਰਿ॥) ਕਥਨਾ, ਕਥੀ ਪੋਲੇ- ਕਥਨਾ ਕਥੀ; ਨ ਆਵੈ ਤੋਟਿ॥) ਕਥਿ ਕਥਿ ਕਥੀ ਪੋਲੇ- ਕਥਿ ਕਥਿ

ਕਥੀ; ਕੋਟੀ.ਕੋਟਿ ਕੋਟਿ॥) ਥੱਕਿ-ਦੇਦਾ ਦੇ; ਲੈਦੇ ਥਕਿ ਪਾਹਿ॥) ਜੁੱਗਾਂ ਜੁੱਗੰਤਰਿ- ਜੁਗਾ ਜੁਗੰਤਰਿ; ਖਾਹੀ ਖਾਹਿ॥) ਚੱਲਾਏ- ਹੁਕਮੀ; ਹੁਕਮੁ ਚਲਾਏ ਰਾਹੁ॥) ਵਿਗਸੈ ਪੋਲਾ- ਨਾਨਕ; ਵਿਗਸੈ ਵੇਪਰਵਾਹੁ॥ ੩॥

ਪਉੜੀ ੪. ਨਾਇ ਬਿੰਦੀ ਨਹੀਂ ਲਾਉਣੀ- ਸਾਚਾ ਸਾਹਿਬੁ.ਸਾਚੁ ਨਾਇ; ਭਾਖਿਆ ਭਾਉ ਅਪਾਰੁ॥) ਆਖ=ਹਿ, ਮੰਗ=ਹਿ ਖੱਖਾ ਗੱਗਾ ਮੁਕਤੇ ਬੋਲੋ, ਸਿਹਾਰੀਆਂ ਸੰਕੋਚ ਕੇ ਬੋਲੋ, ਕਸਕੇ ਨਹੀਂ ਬੋਲਣੀਆਂ। ਦੇਹਿ ਲਾਂ ਲੰਬੀ, ਸਿਹਾਰੀ ਸੰਕੋਚ ਕੇ ਬੋਲੋ। ਦਾਤਾਰੁ, ਦੱਦੇ ਕੰਨਾ, ਰਾਰੇ ਔਂਕੜ ਲਾਉ- ਆਖਹਿ. ਮੰਗਹਿ, ਦੇਹਿ ਦੇਹਿ; ਦਾਤਿ ਕਰੇ ਦਾਤਾਰੁ॥) ਅੱਗੈ। ਜਿਤੁ ਦਰਮਿਆਨਾ। ਦਿਸੈ ਪੋਲਾ- ਫੇਰਿ.ਕਿ ਅਗੈ ਰਖੀਐ; ਜਿਤੁ ਦਿਸੈ ਦਰਬਾਰੁ॥) ਮੁਹੌਂ, ਮੰਮੇ ਦਾ ਔਂਕੜ ਸੰਕੋਚ ਕੇ, ਹਾਹੇ ਦਾ ਕਨੌੜਾ ਖ਼ਾਸ ਖ਼ਿਆਲ ਨਾਲ ਚਾੜ੍ ਕੇ ਬੋਲੋ, ਕਨੌੜੇ ਚਾੜ੍ ਕੇ ਕੋਈ ਵਿਰਲਾ ਹੀ ਬੋਲਦਾ ਹੈ- ਮੁਹੌਂ.ਕਿ ਬੋਲਣੁ ਬੋਲੀਐ; ਜਿਤੁ ਸੁਣਿ ਧਰੇ ਪਿਆਰੁ॥) (ਅੰ) ੧ ਰਹਿਤ (ਮ੍ਰਿਤ) ਮੌਤ ਤੋਂ। ਅੰਮ ਿ੍ਤ ਮੰਮਾ ਮੁਕਤਾ, ਅੱਧੇ ਰਾਰੇ ਸਿਹਾਰੀ ਬੋਲੋ। ਵੇੱਲਾ ਦੱਬ ਕੇ ਬੋਲਿਆਂ ਅਰਥ ਜੰਗਲ ਬਣੇਗਾ। ਸਮਾਂ੨। ਵੇਲਾ ਪੋਲਾ- ਅੰਮ੍ਰਿਤ੧ ਵੇਲਾ੨ ਸਚੁ ਨਾਉ; ਵਡਿਆਈ ਵੀਚਾਰੁ॥) ਨਾਮੁ੧ ਰੂਪੀ ਸਿਰਪਾਉ੧। ਕੱਪੜਾ। ਨਦਰੀ ਪੋਲਾ- ਕਰਮੀ ਆਵੈ ਕਪੜਾ੧; ਨਦਰੀ ਮੋਖੁ ਦੁਆਰੁ॥) ਸੱਚਿਆਰੁ- ਨਾਨਕ. ਏਵੈ ਜਾਣੀਐ; ਸਭੁ ਆਪੇ ਸਚਿਆਰੁ॥ ੪॥

ਪਉੜੀ ੫. ਥਾਪਿਆ. ਨ ਜਾਇ; ਕੀਤਾ. ਨ ਹੋਇ॥) ਨਿਰੰਜਨੁ ਦਾ ਜੱਜਾ ਪੂਰੇ ਜ਼ੋਰ ਨਾਲ਼ ਬੋਲੋ, ਢਿੱਲਾ ਬੋਲਣ ਨਾਲ ਯ ਬੋਲੇਗਾ, ਨੰਨੇ ਔਂਕੜ ਖ਼ਿਆਲ ਨਾਲ ਬੋਲੋ। ੧ਸ਼ੁੱਧ ਬ੍ਰਹਮਜੀ- ਆਪੇ ਆਪਿ; ਨਿਰੰਜਨੁ੧ ਸੋਇ॥) ਜਿਨਿ, ਤਿਨਿ ਪੋਲੇ. ਨੰਨਿਆਂ ਸਿਹਾਰੀਆਂ ਬੋਲੋ- ਜਿਨਿ ਸੇਵਿਆ; ਤਿਨਿ ਪਾਇਆ ਮਾਨੁ॥ ਨਾਨਕ; ਗਾਵੀਐ ਗੁਣੀ ਨਿਧਾਨੁ॥ ਗਾਵੀਐ ਸੁਣੀਐ; ਮਨਿ ਰਖੀਐ ਭਾਉ॥) ਦੁੱਖੁ, ੧ਦੂਰ ਹੋ ਜਾਂਦੇ- ਦੁਖੁ ਪਰਹਰਿ੧; ਸੁਖੁ ਘਰਿ, ਲੈ ਜਾਇ॥) ੧ਉਪਦੇਸ਼, ੨ਵੀਚਾਰ, ਗਿਆਨ੨। ਗੁਰਮੁਖਿ, ਖੱਖੇ ਸਿਹਾਰੀ ਬੋਲੋ। ਰਹਿਆ ਰਾਰੇ ਸਿਹਾਰੀ ਲਾ ਕੇ, ਰਿਹਿਆ ਗ਼ਲਤ ਨਹੀਂ ਪੜ੍ਹਨਾ, ਰਾਰਾ ਮੁਕਤਾ ਬੋਲੋ। ਨਾਦੰ, ਵੇਦੰ ਦੀਆਂ ਟਿੱਪੀਆਂ ਖ਼ਿਆਲ ਨਾਲ ਬੋਲੋ, ਟਿੱਪੀ ਲਾਉਣ ਲੱਗਿਆਂ ਗੱਗਾ ਨਹੀਂ ਬੋਲਣਾ ਪਿਆਰੇ ਜੀ- ਗੁਰਮੁਖਿ ਨਾਦੰ੧. ਗੁਰਮੁਖਿ ਵੇਦੰ੨; ਗੁਰਮੁਖਿ. ਰਹਿਆ ਸਮਾਈ॥) ੧ਸ਼ਿਵ ਜੀ। ੨ਗੋਰਖ, ੩ (ਮਾ+ਈ) (ਮਾ) ਮਾਇਆ ਭਾਵ ਲੱਛਮੀ (ਈ) ਸੁਰੱਸਤੀ- ਗੁਰੁ ਈਸਰੁ੧ ਗੁਰੁ ਗੋਰਖੁ੨, ਬਰਮਾ ਗੁਰੁ; ਪਾਰਬਤੀ ਮਾਈ੩॥) ਕਹਣਾ ਖ਼ਿਆਲ ਨਾਲ ਬੋਲੋ, ਹਾਹੇ ਸਿਹਾਰੀ ਨਹੀਂ ਬੋਲਣੀ- ਜੇ ਹਉ ਜਾਣਾ, ਆਖਾ ਨਾਹੀ; ਕਹਣਾ ਕਥਨੁ ਨ ਜਾਈ॥) ੧ਸਮਝਾਈ। ਗੁਰਾਂ ਨਹੀਂ ਪੜ੍ਹਨਾ। ਬੁੱਝਾਈ- ਗੁਰਾ; ਇਕ ਦੇਹਿ ਬੁਝਾਈ੧॥) ਜੀਆਂ, ਇੱਕੁ ਔਂਕੜ ਲਘੂ ਲਾਉ। ਸਾਰਿਆਂ ਜੀਆਂ ਦੇ ਇੱਕੁ ਦਾਤੇ ਹਨ (ਸੋ) ਉਹ ਦਾਸਨ ਦਾਸ ਨੂੰ ਵਿਸਰਿ ਨਹੀਂ ਜਾਂਦੇ। ਜੇਕਰ, ਸੋ ਮੈ ਤੇ ਠਮਕੀ ਲਾਈਏ ਤਾਂ ਅਨਰਥ ਬਣੇਗਾ, ਸਾਰਿਆਂ ਜੀਆਂ ਦੇ, ਜੋ ਇਕੁ ਦਾਤੇ ਰਾਮ ਜੀ ਹਨ, (ਸੋ) ਉਹ ਮੈ ਹਾਂ। ਇਸ ਲਈ ਸੋ ਤੇ ਠਮਕੀ ਲਾਉ। (ਮੈ) ਰੂਪ। ਮੈਂ ਬੋਲੋ। ਵਿਸ=ਰਿ ਰਾਰੇ ਸਿਹਾਰੀ ਲਾਉ- ਸਭਨਾ ਜੀਆ ਕਾ, ਇਕੁ ਦਾਤਾ; ਸੋ. ਮੈ ਵਿਸਰਿ ਨ ਜਾਈ॥ ੫॥

ਪਉੜੀ ੬. ਇਸ਼ਨਾਨ ਕਰਾਂ੧। ੨ਨਹਾ ਕੇ। 'ਤੀਰ=ਥਿ' ਥੱਥੇ ਸਿਹਾਰੀ ਲਾਉ। ਨ੍ਹਾਵਾ, ਨ੍ਹਾਇ- ਤੀਰਥਿ ਨਾਵਾ੧, ਜੇ ਤਿਸੁ ਭਾਵਾ; ਵਿਣੁ ਭਾਣੇ. ਕਿ ਨਾਇ੨ ਕਰੀ॥) ੧ਸ੍ਰਿਸਟੀ। ਸਿਰ=ਠਿ- ਜੇਤੀ ੧ਸਿਰਠਿ. ਉਪਾਈ ਵੇਖਾ; ਵਿਣੁ ਕਰਮਾ. ਕਿ ਮਿਲੈ ਲਈ॥) ੧ਵੈਰਾਗ ੨ਗਿਆਨ ੩ਸੰਕੇਤੀ ਅਰਥ

ਸ੍ਰਵਣ, ਮੰਨਣ, ਨਿਧਿਆਸਣ। [4]ਸਿੱਖਿਆ। ਵਿੱਚਿ, ਤੱਤੇ ਚੱਚੇ ਸਿਹਾਰੀ ਲਾਉ। ਮਾ=ਣਿਕ, ਣਾਣੇ ਸਿਹਾਰੀ ਖ਼ਿਆਲ ਨਾਲ ਬੋਲੋ। ਸਿੱਖ- ਮਤਿ ਵਿਚਿ, [1]ਰਤਨ [2]ਜਵਾਹਰ [3]ਮਾਣਿਕ; ਜੇ ਇਕ ਗੁਰ ਕੀ [4]ਸਿਖ ਸੁਣੀ॥ ਗੁਰਾ; ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ. ਇਕੁ ਦਾਤਾ; ਸੋ. ਮੈ ਵਿਸਰਿ ਨ ਜਾਈ॥ ੬॥

ਪਉੜੀ ੭. [1]ਉਮਰ, [2]ਦਸ ਗੁਣੀ। ਜੁੱਗ ਗੱਗੇ ਔਂਕੜ ਨ ਲਾਉ। ਦਸੂਣੀ ਦੱਦੇ ਔਂਕੜ ਨ ਲਾਉ- ਜੇ ਜੁਗ ਚਾਰੇ [1]ਆਰਜਾ; ਹੋਰ [2]ਦਸੂਣੀ ਹੋਇ॥) ਖੰਡਾਂ, ਚੱਲੈ ਸੱਭੁ- ਨਵਾ ਖੰਡਾ ਵਿਚਿ ਜਾਣੀਐ; ਨਾਲਿ ਚਲੈ, ਸਭੁ ਕੋਇ॥) ਜਸੁ ਪੋਲਾ, ਕੀਰਤਿ ਤੱਤੇ ਸਿਹਾਰੀ ਲਾਉ। ਜੱਗਿ। ਲੇਇ ਲੇ ਲੰਬਾ ਬੋਲ ਕੇ, ਇ ਸੰਕੋਚ ਕੇ ਬੋਲੋ- ਚੰਗਾ ਨਾਉ ਰਖਾਇ ਕੈ; ਜਸੁ ਕੀਰਤਿ, ਜਗਿ ਲੇਇ॥) ਤਿਸੁ ਪੋਲਾ, ਆ=ਵਈ, ਪੁੱਛੈ। ਵਾਤ ਵਾਵਾ ਭਰਵਾਂ ਬੋਲੋ, ਜਿੱਥੇ ਭੀ ਵਾਵਾ ਆਵੇ ਭਰਵਾਂ ਹੀ ਬੋਲਣਾ। ਜੇ ਭਰਵਾਂ ਨਾਂ ਬੋਲੀਏ ਤਾਂ ਬੱਬਾ ਬਣ ਜਾਵੇਗਾ। ਭਰਵੇਂ ਦਾ ਭਾਵ ਭਾਰਾ ਨਹੀਂ, ਵਾਵੇ ਨੂੰ ਬੱਬਾ ਨਹੀਂ ਬੋਲਣਾ। [1]ਮਿਹਰ, [2]ਗੱਲ- ਜੇ ਤਿਸੁ. [1]ਨਦਰਿ ਨ ਆਵਈ; ਤ [2]ਵਾਤ ਨ ਪੁਛੈ ਕੇ॥) ਕੀਟਾ ਅੰਦਰਿ. ਕੀਟੁ ਕਰਿ; ਦੋਸੀ. ਦੋਸੁ ਧਰੇ॥ ਨਾਨਕ. ਨਿਰਗੁਣਿ ਗੁਣੁ ਕਰੇ; ਗੁਣਵੰਤਿਆ, ਗੁਣੁ ਦੇ॥) [1]ਦਿਸਦਾ। ਗੁਣੁ ਣਾਣੇ ਔਂਕੜ ਲਾਉ। ਤਿਸੁ ਪੋਲਾ- ਤੇਹਾ. ਕੋਇ ਨ [1]ਸੁਝਈ; ਜਿ. ਤਿਸੁ ਗੁਣੁ ਕੋਇ ਕਰੇ॥ ੭॥

ਪਉੜੀ ੮. ਸੁਣਿਐ ਣਾਣੇ ਬਿਹਾਰੀ.ਐੜੇ ਬਿੰਦੀ ਨਹੀਂ ਬੋਲਣੀ। [1]ਸਿੱਧ ਹਿੰਦੂ ਮਤਿ 'ਚ ਸ਼ਕਤੀਆਂ ਵਾਲੇ, [2]ਮੁਸਲਮਾਨ ਮਤਿ 'ਚ ਵੱਡੇ ਉਸਤਾਦ, ਗੁਰੂ, ਕਰਾਮਾਤੀ ਨੂੰ ਪੀਰ ਮੰਨਦੇ ਹਨ। [3]ਦੇਵਤੇ। [4]ਮਾਲਕ, ਸੁਆਮੀ। ਸਿੱਧਾਂ 'ਚ ਨੌਂ ਨਾਥ ਮੁਖੀ ਹਨ- ਸੁਣਿਐ; [1]ਸਿਧ [2]ਪੀਰ [3]ਸੁਰਿ [4]ਨਾਥ॥) ਧਵਲ ਪੋਲਾ. ਆਕਾਸ ਐੜੇ ਕੰਨਾ ਖ਼ਿਆਲ ਨਾਲ ਲਾਉ। ਨਾਮ ਸ੍ਰਵਣ ਕਰਕੇ ਸੰਤੋਖ ਰੂਪੀ ਚਾਰੇ ਨੂੰ ਚਰ ਕੇ, ਸ਼ੁਭ ਗੁਣਾਂ ਸਹਿਤ ਧਰਮ ਰੂਪੀ (ਧਵਲ) ਬੈਲ ਧਰਤੀ ਨੂੰ ਆਕਾਸ'ਚ ਚੁੱਕੀ ਖੜ੍ਹਾ ਹੈ- ਸੁਣਿਐ; ਧਰਤਿ ਧਵਲ ਆਕਾਸ॥) ਲੋਅ ਲੋ ਲੰਬਾ ਬੋਲ ਕੇ, ਐੜਾ ਮੁਕਤਾ ਖ਼ਿਆਲ ਨਾਲ ਬੋਲੋ- ਸੁਣਿਐ; ਦੀਪ ਲੋਅ ਪਾਤਾਲ॥) ਸਕੈ ਪੋਲਾ- ਸੁਣਿਐ; ਪੋਹਿ ਨ ਸਕੈ ਕਾਲੁ॥ ਨਾਨਕ. ਭਗਤਾ; ਸਦਾ ਵਿਗਾਸੁ॥ ਸੁਣਿਐ; ਦੂਖ ਪਾਪ ਕਾ ਨਾਸੁ॥ ੮॥

ਪਉੜੀ ੯. ਸੁਣਿਐ; ਈਸਰੁ ਬਰਮਾ ਇੰਦੁ॥) [1]ਨੀਚ। ਸਾਲਾਹਣ ਦੇ ਸੱਸੇ ਕੰਨਾ ਲਾਉ। ਮੁਖਿ ਦਰਮਿਆਨਾ- ਸੁਣਿਐ; ਮੁਖਿ ਸਾਲਾਹਣ [1]ਮੰਦੁ॥) ਜੁਗਤਿ ਜੱਜੇ ਅਧਕ ਨਹੀਂ ਲਾਉਣਾ ਤੱਤੇ ਸਿਹਾਰੀ ਲਾਉ, ਗੱਗੇ ਸਿਹਾਰੀ ਨਹੀ ਲਾਉਣੀ- ਸੁਣਿਐ; ਜੋਗ ਜੁਗਤਿ ਤਨਿ ਭੇਦ॥) ਸਿਮ੍ਰਿਤਿ ਮੰਮਾ ਮੁਕਤਾ, ਅੱਧਾ ਰਾਰਾ੍ ਪੋਲਾ ਬੋਲ ਕੇ, ਇੱਕ ਸਿਹਾਰੀ ਅੱਧੇ ਰਾਰੇ, ਇੱਕ ਸਿਹਾਰੀ ਤੱਤੇ ਲਾਉ- ਸੁਣਿਐ; ਸਾਸਤ ਸਿਮ੍ਰਿਤਿ ਵੇਦ॥ ਨਾਨਕ. ਭਗਤਾ; ਸਦਾ ਵਿਗਾਸੁ॥ ਸੁਣਿਐ; ਦੂਖ ਪਾਪ ਕਾ ਨਾਸੁ॥ ੯॥

ਪਉੜੀ ੧੦. [1]ਸੱਚ। ਸੱਤੁ- ਸੁਣਿਐ; [1]ਸਤੁ ਸੰਤੋਖੁ ਗਿਆਨੁ॥) ਅੱਠਸੱਠਿ, ਇਸਨਾਨੁ ਦੇ ਸੱਸੇ ਪੈਰ 'ਚ ਬਿੰਦੀ ਨਹੀਂ ਲਾਉਣੀ। [1]ਅਠਾਹਟ- ਸੁਣਿਐ; [1]ਅਠਸਠਿ ਕਾ ਇਸਨਾਨੁ॥) ਪੜਿ ਪੜਿ- ਸੁਣਿਐ; ਪੜਿ ਪੜਿ ਪਾਵਹਿ ਮਾਨੁ॥) [1]ਨਿਰਯਤਨ, ਸ਼ਾਂਤੀ ਸਹਿਤ) ਸਹਜਿ ਸ, ਹ, ਮੁਕਤੇ, ਬੋਲ ਕੇ ਜੱਜੇ ਸਿਹਾਰੀ ਲਾਉ- ਸੁਣਿਐ; ਲਾਗੈ [1]ਸਹਜਿ ਧਿਆਨੁ॥ ਨਾਨਕ. ਭਗਤਾ; ਸਦਾ ਵਿਗਾਸੁ॥ ਸੁਣਿਐ; ਦੂਖ ਪਾਪ ਕਾ ਨਾਸੁ॥ ੧੦॥

ਪਉੜੀ ੧੧. ਗਾਹ ਗੱਗੇ ਕੰਨਾ ਲੰਬਾ ਬੋਲ ਕੇ ਹਾਹਾ ਮੁਕਤਾ ਬੋਲੋ। ਸਰਾ ਕੰਨੇ ਬਿੰਦੀ ਨਹੀਂ ਲਾਉਣੀ, ਗੁਣਾਂ- ਸੁਣਿਐ; ਸਰਾ ਗੁਣਾ ਕੇ ਗਾਹ॥) ਸੇਖ ਪਾਤਿਸਾਹ ਸੱਸੇ ਪੈਰ ਬਿੰਦੀ ਨਹੀਂ ਲਾਉਣੀ-

ਸੁਣਿਐ; ਸੇਖ ਪੀਰ ਪਾਤਿਸਾਹ॥) ਰਾਹੁ ਕੰਨਾ ਲੰਬਾ ਬੋਲ ਕੇ, ਹਾਹੇ ਔਂਕੜ ਸੰਕੋਚ ਕੇ ਬੋਲੋ– ਸੁਣਿਐ; ਅੰਧੇ ਪਾਵਹਿ ਰਾਹੁ॥ ਸੁਣਿਐ; ਹਾਥ ਹੋਵੈ ਅਸਗਾਹੁ॥ ਨਾਨਕ. ਭਗਤਾ; ਸਦਾ ਵਿਗਾਸੁ॥ ਸੁਣਿਐ; ਦੂਖ ਪਾਪ ਕਾ ਨਾਸੁ॥ ੧੧॥

ਪਉੜੀ ੧੨. ਗਤਿ ਪੋਲਾ, ਤੱਤੇ ਸਿਹਾਰੀ ਬੋਲੋ। [1]ਰੀਤੀ, ਚਾਲੀ[1], ਵਿਵਸਥਾ[1], ਪ੍ਰਾਪਤੀ[1] – ਮੰਨੇ ਕੀ [1]ਗਤਿ; ਕਹੀ ਨ ਜਾਇ॥) ਪਿੱਛੈ, ਪਛੁ=ਤਾਇ ਔਂਕੜ ਲਾਉ– ਜੇ ਕੋ ਕਹੈ; ਪਿਛੈ ਪਛੁਤਾਇ॥) ਕਾ=ਗਦਿ ਪੋਲਾ ਦੱਦੇ ਸਿਹਾਰੀ ਲਾਉ। ਲਿਖਣਹਾਰੁ ਪੋਲਾ, ਰਾਰੇ ਔਂਕੜ ਬੋਲੋ– ਕਾਗਦਿ ਕਲਮ; ਨ ਲਿਖਣਹਾਰੁ॥) ਬਹਿ ਹਾਹੇ ਸਿਹਾਰੀ ਲਾਉ, ਬੱਬੇ ਦੁਲਾਵਾਂ ਨ ਬੋਲੋ। ਸਤਸੰਗਤ 'ਚ (ਬਹਿ) ਇਸਥਿੱਤ ਹੋ ਕੇ– ਮੰਨੇ ਕਾ; ਬਹਿ ਕਰਨਿ ਵੀਚਾਰੁ॥) ਐਸਾ ਪੋਲਾ– ਐਸਾ ਨਾਮੁ; ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ; ਮਨਿ ਕੋਇ॥ ੧੨॥

ਪਉੜੀ ੧੩. ਸੁਰ=ਤਿ ਤੱਤੇ ਸਿਹਾਰੀ ਹੈ। ਬੁੱਧਿ– ਮੰਨੈ; ਸੁਰਤਿ ਹੋਵੈ ਮਨਿ ਬੁਧਿ॥ ਸੁੱਧਿ। [1]ਗਿਆਤ– ਮੰਨੈ; ਸਗਲ ਭਵਣ ਕੀ [1]ਸੁਧਿ॥) ਮੁਹਿ ਮੰਮੇ ਔਂਕੜ ਹੋੜਾ ਨਹੀਂ ਬੋਲਣਾ। [1]ਮੂੰਹ– ਮੰਨੈ; [1]ਮੁਹਿ ਚੋਟਾ ਨਾ ਖਾਇ॥) ਜਮ ਪੋਲਾ– ਮੰਨੈ; ਜਮ ਕੈ ਸਾਥਿ ਨ ਜਾਇ॥ ਐਸਾ ਨਾਮੁ; ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ; ਮਨਿ ਕੋਇ॥ ੧੩॥

ਪਉੜੀ ੧੪. ਮੰਨੈ; ਮਾਰਗਿ ਠਾਕ ਨ ਪਾਇ॥) ਪਰ=ਗਟ ਪੂਰਾ ਰਾਰਾ ਲਾਉ। (ਪਤਿ) ਇੱਜ਼ਤ, ਪਤਿ ਪੋਲਾ– ਮੰਨੈ; [1]ਪਤਿ ਸਿਉ ਪਰਗਟੁ ਜਾਇ॥) ਮਗੁ ਪੋਲਾ, ਚੱਲੈ। [1]ਮੌਤ ਦੇ ਅਥਵਾ ਅਨੇਕ ਤਰ੍ਹਾਂ ਦੀ ਉਪਾਸ਼ਨਾਂ ਰੂਪ (ਮਗੁ) ਪਗਡੰਡੀਆਂ ਦੇ (ਪੰਥੁ) ਰਸਤੇ ਨਹੀਂ ਚੱਲਦੇ– ਮੰਨੈ; ਮਗੁ ਨ ਚਲੈ, ਪੰਥੁ॥ ਮੰਨੈ; ਧਰਮ ਸੇਤੀ ਸਨਬੰਧੁ॥ ਐਸਾ ਨਾਮੁ; ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ; ਮਨਿ ਕੋਇ॥

ਪਉੜੀ ੧੫. ਮੰਨੈ; ਪਾਵਹਿ ਮੋਖੁ ਦੁਆਰੁ॥ ਮੰਨੈ; ਪਰਵਾਰੈ ਸਾਧਾਰੁ॥) ਗੁਰੁ ਜੀ, ਸਿਖ ਜੀ ਆਪ ਤਰਦੇ, ਹੋਰਨਾ ਨੂੰ ਤਾਰਦੇ ਹਨ। ਗੁਰੁ ਰਾਰੇ ਔਂਕੜ ਲਾਉ– ਮੰਨੈ; ਤਰੈ ਤਾਰੇ ਗੁਰੁ ਸਿਖ॥)

ਭਵ=ਹਿ, ਭਿੱਖ। [1]ਭਿੱਖਿਆ– ਮੰਨੈ; ਨਾਨਕ. ਭਵਹਿ ਨ [1]ਭਿਖ॥ ਐਸਾ ਨਾਮੁ; ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ; ਮਨਿ ਕੋਇ॥ ੧੫॥

ਪਉੜੀ ੧੬. [1]ਪ੍ਰਕਾਸ਼ ਸਰੂਪ ਬ੍ਰਹਮ, ਮੁਖੀ, ਸੰਤ, ਪੰਜ) ਪਰ=ਵਾਣ ਪਰ=ਧਾਨੁ ਪੂਰੇ ਰਾਰੇ ਲਾਉ– ਪੰਚ ਪਰਵਾਣ; [1]ਪੰਚ ਪਰਧਾਨੁ॥ ਪੰਚੇ ਪਾਵਹਿ; ਦਰਗਹਿ ਮਾਨੁ॥) ਸੋਹ=ਹਿ। ਵਾਹਿਗੁਰੂ[1] ਜੀ– ਪੰਚੇ ਸੋਹਹਿ; ਦਰਿ [1]ਰਾਜਾਨੁ॥ ਪੰਚਾ ਕਾ; ਗੁਰੁ ਏਕੁ ਧਿਆਨੁ॥ ਜੇ ਕੋ ਕਹੈ; ਕਰੈ ਵੀਚਾਰੁ॥ ਕਰਤੇ ਕੈ ਕਰਣੈ; ਨਾਹੀ ਸੁਮਾਰੁ॥) ਧੌਲੁ ਕੌਣੁ ਕਨੌੜੇ ਨਾਲ ਹਨ, ਹੋਰ ਥਾਈਂ ਧਉਲ, ਕਉਣ ਹਨ। ਦ=ਇਆ ਦੱਦਾ ਮੁਕਤਾ, ਦੱਦੇ ਸਿਹਾਰੀ ਨਹੀਂ ਬੋਲਣੀ– ਧੌਲੁ ਧਰਮੁ; ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ; ਜਿਨਿ ਸੂਤਿ॥) ਬੁੱਝੈ। ਸੱਚਿਆਰੁ– ਜੇ ਕੋ ਬੁਝੈ; ਹੋਵੈ ਸਚਿਆਰੁ॥) ਉੱਪਰਿ– ਧਵਲੈ ਉਪਰਿ; ਕੇਤਾ ਭਾਰੁ॥) ਧਰਤੀ ਹੋਰੁ; ਪਰੈ ਹੋਰੁ ਹੋਰੁ॥) ਤਲੈ ਪੋਲਾ– ਤਿਸ ਤੇ ਭਾਰੁ ਤਲੈ; ਕਵਣੁ ਜੋਰੁ॥ ਜੀਅ ਜਾਤਿ; ਰੰਗਾ ਕੇ ਨਾਵ॥ ਸਭਨਾ ਲਿਖਿਆ; ਵੁੜੀ ਕਲਾਮ॥) ਲਿਖਿ ਪੋਲਾ, ਖੱਖੇ ਸਿਹਾਰੀ ਲਾਉ– ਏਹੁ ਲੇਖਾ; ਲਿਖਿ ਜਾਣੈ ਕੋਇ॥ ਲੇਖਾ ਲਿਖਿਆ; ਕੇਤਾ ਹੋਇ॥) ਸੁਆਲਿਹੁ ਹਾਹੇ ਔਂਕੜ ਲੰਬਾ ਨ ਬੋਲੋ– ਕੇਤਾ ਤਾਣੁ; ਸੁਆਲਿਹੁ ਰੂਪੁ॥ ਕੇਤੀ ਦਾਤਿ; ਜਾਣੈ ਕੌਣੁ ਕੂਤੁ॥ ਕੀਤਾ ਪਸਾਉ; ਏਕੋ ਕਵਾਉ॥) ਦਰੀ=ਆਉ ਬਿਹਾਰੀ ਦੱਬ ਕੇ ਬੋਲੋ। [1]ਦਰਿਆ, ਦ੍ਰਵੀਭੂਤ– ਤਿਸ ਤੇ ਹੋਏ; ਲਖ [1]ਦਰੀਆਉ॥) ਕੁਦ=ਰਤਿ' ਪੋਲਾ– ਕੁਦਰਤਿ ਕਵਣ; ਕਹਾ ਵੀਚਾਰੁ॥ ਵਾਰਿਆ ਨ ਜਾਵਾ; ਏਕ ਵਾਰ॥) [1]ਉਹ। ਸਾਈ ਬਿੰਦੀ ਨਹੀਂ

ਲਾਉਣੀ। ਭਲੀ ਲੱਲੇ ਪੈਰ ਬਿੰਦੀ ਨਹੀਂ ਬੋਲਣੀ- ਜੋ ਤੁਧੁ ਭਾਵੈ; [1]ਸਾਈ ਭਲੀ ਕਾਰ॥) [1]ਇਸਥਿੱਤ। ਤੂ ਬਿਨਾ ਟਿੱਪੀ ਬੋਲੋ, ਜਿੱਥੇ ਭੀ ਆਵੇ। ਸਲਾ॰ਮਤਿ- ਤੂ ਸਦਾ [1]ਸਲਾਮਤਿ; ਨਿਰੰਕਾਰ॥ ੧੬॥

ਪਉੜੀ ੧੭. [1]ਅਣਗਿਣਤ। ਜਪ ਪੋਲਾ- [1]ਅਸੰਖ ਜਪ; ਅਸੰਖ ਭਾਉ॥ ਅਸੰਖ ਪੂਜਾ; ਅਸੰਖ ਤਪ ਤਾਉ॥ ਅਸੰਖ ਗਰੰਥ; ਮੁਖਿ ਵੇਦ ਪਾਠ॥) ਰਹ॰ਹਿ- ਅਸੰਖ ਜੋਗ; ਮਨਿ ਰਹਹਿ ਉਦਾਸ॥ ਅਸੰਖ ਭਗਤ; ਗੁਣ ਗਿਆਨ ਵੀਚਾਰ॥) ਸਤੀ ਪੋਲਾ। ਦਾਤਾਰ ਦੱਦੇ ਕੰਨਾ ਲਾਉ। [1]ਸਤ ਰੱਖਣ ਵਾਲੇ- ਅਸੰਖ [1]ਸਤੀ; ਅਸੰਖ ਦਾਤਾਰ॥) ਮੁਹ ਔਂਕੜ ਲੰਬਾ ਨਹੀਂ ਬੋਲਣਾ। ਭੱਖ। [1]ਖਾਂਦੇ ਹਨ- ਅਸੰਖ ਸੂਰ; ਮੁਹ [1]ਭਖ ਸਾਰ॥ ਅਸੰਖ ਮੋਨਿ; ਲਿਵ ਲਾਇ ਤਾਰ॥ ਕੁਦਰਤਿ ਕਵਣ; ਕਹਾ ਵੀਚਾਰੁ॥ ਵਾਰਿਆ ਨ ਜਾਵਾ; ਏਕ ਵਾਰ॥ ਜੋ ਤੁਧੁ ਭਾਵੈ; ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ; ਨਿਰੰਕਾਰ॥੧੭॥

ਪਉੜੀ ੧੮. ਅਸੰਖ ਮੂਰਖ; ਅੰਧ ਘੋਰ॥) ਹਰਾਮ॰ਖੋਰ। [1]ਹਰਾਮ ਖਾਣ ਵਾਲੇ- ਅਸੰਖ ਚੋਰ; [1]ਹਰਾਮਖੋਰ॥ ਅਸੰਖ ਅਮਰ; ਕਰਿ ਜਾਹਿ ਜੋਰ॥) ਗਲ ਪੋਲਾ, ਵੱਢ, ਹੱਤਿਆ- ਅਸੰਖ [1]ਗਲ ਵਢ; ਹਤਿਆ ਕਮਾਹਿ॥ ਅਸੰਖ ਪਾਪੀ; ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ; ਕੂੜੇ ਫਿਰਾਹਿ॥) ਮਲੁ ਪੋਲਾ। ਭੱਖਿ- ਅਸੰਖ ਮਲੇਛ; ਮਲੁ ਭਖਿ ਖਾਹਿ॥) ਸਿਰਿ ਰਾਰੇ ਸਿਹਾਰੀ ਬੋਲੋ- ਅਸੰਖ ਨਿੰਦਕ; ਸਿਰਿ ਕਰਹਿ ਭਾਰੁ॥ ਨਾਨਕੁ; ਨੀਚੁ ਕਹੈ ਵੀਚਾਰੁ॥ ਵਾਰਿਆ ਨ ਜਾਵਾ; ਏਕ ਵਾਰ॥ ਜੋ ਤੁਧੁ ਭਾਵੈ; ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ; ਨਿਰੰਕਾਰ॥ ੧੮॥

ਪਉੜੀ ੧੯. ਅਸੰਖ ਨਾਵ; ਅਸੰਖ ਥਾਵ॥) ਲੱਲੇ ਹੋੜਾ ਹੋਰ ਲੰਬਾ ਕਰਨ ਨਾਲ, ਐਡਾ ਬੋਲ ਜਾਂਦਾ ਹੈ- ਅਗੰਮ ਅਗੰਮ; ਅਸੰਖ ਲੋਅ॥) ਕਹ॰ਹਿ ਕਹ ਮੁਕਤਾ ਬੋਲ ਕੇ ਹਾਹੇ ਸਿਹਾਰੀ ਲਾਉ। [1]ਸਿਰਿ ਭਾਰੁ ਹੋ ਕੇ ਭਾਵ ਪੁੱਠੇ ਲਮਕ ਕੇ (ਵਾ) ਸਿਰਿ ਦੇ ਭਾਰੁ ਭਾਵ ਅਤੀ ਹੀ ਨਿਮ੍ਰਤਾ ਸਤਿਕਾਰ ਸਹਿਤ ਹੋ ਕੇ- ਅਸੰਖ ਕਹਹਿ; [1]ਸਿਰਿ ਭਾਰੁ ਹੋਇ॥) ਅੱਖਰੀ, ਸਾਲਾਹ ਸੱਸੇ ਕੰਨਾ ਲਾਉ। [1]ਜਿਵੇਂ ਕੀਰਤਨ 'ਚ ਇਕੱਠੇ ਬੋਲਦੇ ਹਨ, ਇਸ ਦਾ ਨਾਮ ਸਲਾਹ ਹੈ- ਅਖਰੀ ਨਾਮੁ; ਅਖਰੀ [1]ਸਾਲਾਹ॥) [1]ਜਸ, [1]ਕੀਰਤਨ। [2]ਅਸਥਾਨ- ਅਖਰੀ; ਗਿਆਨੁ [1]ਗੀਤ ਗੁਣ [2]ਗਾਹ॥) ਲਿਖਣੁ ਪੋਲਾ। ਲਿਖਣੁ ਬੋਲਣੁ ਣਾਣਿਆਂ ਔਂਕੜ ਲਾਉ- ਅਖਰੀ; ਲਿਖਣੁ ਬੋਲਣੁ ਬਾਣਿ॥) ਅੱਖਰਾਂ- ਅਖਰਾ ਸਿਰਿ; ਸੰਜੋਗੁ ਵਖਾਣਿ॥) ਏਹਿ ਈੜੀ ਲਾਂ ਲੰਬੀ ਬੋਲ ਕੇ, ਹਾਹੇ ਸਿਹਾਰੀ ਸੰਕੋਚ ਕੇ ਬੋਲੋ- ਜਿਨਿ ਏਹਿ ਲਿਖੇ; ਤਿਸੁ ਸਿਰਿ ਨਾਹਿ॥ ਜਿਵ ਫੁਰਮਾਏ; ਤਿਵ ਤਿਵ ਪਾਹਿ॥ ਜੇਤਾ ਕੀਤਾ; ਤੇਤਾ ਨਾਉ॥ ਵਿਣੁ ਨਾਵੈ; ਨਾਹੀ ਕੋ ਥਾਉ॥ ਕੁਦਰਤਿ ਕਵਣ; ਕਹਾ ਵੀਚਾਰੁ॥ ਵਾਰਿਆ ਨ ਜਾਵਾ; ਏਕ ਵਾਰ॥ ਜੋ ਤੁਧੁ ਭਾਵੈ; ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ; ਨਿਰੰਕਾਰ॥ ੧੯॥

ਪਉੜੀ ੨੦. ਭਰੀਐ; ਹਥੁ ਪੈਰੁ ਤਨੁ ਦੇਹ॥) ਪਾਣੀ ਧੋਤੈ; ਉਤਰ ਸੁ ਖੇਹ॥) ਕੱਪੜੁ- ਮੂਤ ਪਲੀਤੀ; ਕਪੜੁ ਹੋਇ॥) ਸਾਬੂਣੁ ਬੱਬੇ ਦੁਲੈਂਕੜ ਲੰਬੇ ਲਾ ਕੇ, ਣਾਣੇ ਔਂਕੜ ਲਾਉ- ਦੇ ਸਾਬੂਣੁ; ਲਈਐ ਓਹੁ ਧੋਇ॥) ਪੱਪਾਂ- ਭਰੀਐ ਮਤਿ; ਪਾਪਾ ਕੈ ਸੰਗਿ॥) ਓਹੁ ਹੋੜਾ ਲੰਬਾ ਬੋਲ ਕੇ, ਹਾਹੇ ਔਂਕੜ ਲਾਉ- ਓਹੁ ਧੋਪੈ; ਨਾਵੈ ਕੈ ਰੰਗਿ॥ ਪੁੰਨੀ ਪਾਪੀ; ਆਖਣੁ ਨਾਹਿ॥ ਕਰਿ ਕਰਿ ਕਰਣਾ; ਲਿਖਿ ਲੈ ਜਾਹੁ॥ ਆਪੇ ਬੀਜਿ; ਆਪੇ ਹੀ ਖਾਹੁ॥ ਨਾਨਕ; ਹੁਕਮੀ ਆਵਹੁ ਜਾਹੁ॥ ੨੦॥

ਪਉੜੀ ੨੧. ਤਪੁ ਦਤੁ ਪੋਲਾ- ਤੀਰਥੁ ਤਪੁ; ਦਇਆ ਦਤੁ ਦਾਨੁ॥ ਜੇ ਕੋ ਪਾਵੈ; ਤਿਲ ਕਾ ਮਾਨੁ॥ ਸੁਣਿਆ ਮੰਨਿਆ; ਮਨਿ ਕੀਤਾ ਭਾਉ॥) ਗਤਿ, ਮਲਿ ਪੋਲੇ। [1]ਪ੍ਰਾਪਤੀ, ਨਾਸ, ਗਤੀ ਹੋਣੀ-

ਅੰਤਰ ¹ਗਤਿ; ਤੀਰਥਿ ਮਲਿ ਨਾਉ॥ ਸਭਿ ਗੁਣ ਤੇਰੇ; ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ; ਭਗਤਿ ਨ ਹੋਇ॥) ਸੁ-ਅਸਤਿ। ਹੇ ¹ਕਲਿਆਣ ਸਰੂਪ ਜੀ! ਅਨੰਤ ⁴ਬ੍ਰਹਮੰਡ ਦੀ ³ਬਣਾਵਟ ਆਪ ਜੀ ਆਪ ਹੀ ²ਹੋ- ¹ਸੁਅਸਤਿ ²ਆਥਿ; ³ਬਾਣੀ ⁴ਬਰਮਾਉ॥) ਸੱਤਿ। ¹ਸੱਚ ਸਰੂਪ। ²ਸੋਭਨੀਕ-¹ਸਤਿ ²ਸੁਹਾਣੁ; ਸਦਾ ਮਨਿ ਚਾਉ॥) ਵੇਲਾ ਲੱਲੇ ਪੈਰ ਬਿੰਦੀ ਨਹੀਂ ਲਾਉਣੀ। ਥਿੱਤਿ ਤੱਤੇ ਸਿਹਾਰੀ ਲਾਉ। ਵਖਤੁ ਪੋਲਾ। ¹ਹਿੰਦੀ ਅਨੁਸਾਰ ਹਿੰਦੂ ਵੇਲਾ, ਫ਼ਾਰਸੀ ਅਨੁਸਾਰ ਮੁਸਲਮਾਨ ਵਖਤੁ ਕਹਿੰਦੇ ਹਨ- ਕਵਣੁ ਸੁ ¹ਵੇਲਾ, ²ਵਖਤੁ ਕਵਣੁ; ਕਵਣ ਥਿਤਿ, ਕਵਣੁ ਵਾਰੁ॥) ਰੁੱਤੀ, ਕਵਣਿ, ਕਵਣੁ ਪਹਿਲੇ ਣਾਣੇ ਸਿਹਾਰੀ, ਦੂਜੇ ਔਂਕੜ ਲਾਉ। ਮਾਹੁ ਹਾਹੇ ਔਂਕੜ ਲੰਬਾ ਨ ਬੋਲੋ- ਕਵਣਿ ਸਿ ਰੁਤੀ. ਮਾਹੁ ਕਵਣੁ; ਜਿਤੁ ਹੋਆ ਆਕਾਰੁ॥) ¹ਪਾਇਆ-ਵੇਲ. ਨ ¹ਪਾਈਆ ਪੰਡਤੀ; ਜਿ ਹੋਵੈ ਲੇਖੁ ਪੁਰਾਣੁ॥) ਕਾਦੀਆ ਪੋਲਾ। ¹ਕਾਜ਼ੀਆਂ- ਵਖਤੁ. ਨ ਪਾਇਓ ¹ਕਾਦੀਆ; ਜਿ ਲਿਖਨਿ ਲੇਖੁ ਕੁਰਾਣੁ॥ ਥਿਤਿ ਵਾਰੁ ਨਾ ਜੋਗੀ ਜਾਣੈ; ਰੁਤਿ ਮਾਹੁ ਨਾ ਕੋਈ॥ ਜਾ ਕਰਤਾ, ਸਿਰਠੀ ਕਉ ਸਾਜੇ; ਆਪੇ ਜਾਣੈ ਸੋਈ॥ ਕਿਵ ਕਰਿ ਆਖਾ, ਕਿਵ ਸਾਲਾਹੀ; ਕਿਉ ਵਰਨੀ. ਕਿਵ ਜਾਣਾ॥) ¹ਤੋਂ- ਨਾਨਕ. ਆਖਣਿ ਸਭੁ ਕੋ ਆਖੈ; ਇਕ ¹ਦੂ ਇਕੁ, ਸਿਆਣਾ॥ ਵਡਾ ਸਾਹਿਬੁ, ਵਡੀ ਨਾਈ; ਕੀਤਾ ਜਾ ਕਾ ਹੋਵੈ॥ ਅੱਗੈ ਆਪੌਂ ਕਨੌੜਾ ਪੂਰਾ ਚਾੜ੍ਹ ਕੇ ਬੋਲੋ- ਨਾਨਕ.ਜੇ ਕੋ ਆਪੌਂ ਜਾਣੈ; ਅਗੈ ਗਇਆ ਨ ਸੋਹੈ॥ ੨੧॥

ਪਉੜੀ ੨੨. ਪਾ-ਤਾ-ਲਾ ਆ-ਗਾ-ਸਾ ਦੇ ਪੱਪੇ ਤੇ ਐੜੇ ਦਾ ਕੰਨਾ ਖੋਲ੍ਹ ਕੇ ਬੋਲੋ। ਲੱਖ- ਪਾਤਾਲਾ ਪਾਤਾਲ ਲਖ; ਆਗਾਸਾ ਆਗਾਸ॥) ਹੋੜਾ ਖੋਲ੍ਹ ਕੇ ਬੋਲੋ। ਥੱਕੇ। ¹ਅਖੀਰ- ¹ਓੜਕ ਓੜਕ ਭਾਲਿ ਥਕੇ; ਵੇਦ ਕਹਨਿ ਇਕ ਵਾਤ॥) ਸੱਸੇ ਔਂਕੜ ਲਘੂ ਬੋਲ ਕੇ, ਲੱਲੇ ਦੁਲੈਂਕੜ ਲਾ ਕੇ ਅ-ਸੁ-ਲੂ ਬੋਲੋ। ¹ਅਸਲ 'ਚ -ਸਹਸ ਅਠਾਰਹ ਕਹਨਿ ਕਤੇਬਾ; ¹ਅਸੁਲੂ ਇਕੁ ਧਾਤੁ॥ ਲੇਖਾ ਹੋਇ ਤ ਲਿਖੀਐ; ਲੇਖੈ ਹੋਇ ਵਿਣਾਸੁ॥ ਨਾਨਕ. ਵਡਾ ਆਖੀਐ; ਆਪੇ ਜਾਣੈ ਆਪੁ॥ ੨੨॥

ਪਉੜੀ ੨੩. ਸਾਲਾਹੀ ਸਾਲਾਹਿ; ਏਤੀ ਸੁਰਤਿ. ਨ ਪਾਈਆ॥) ਅਤੈ ਪੋਲਾ। ਪਵ-ਹਿ। ਸਮੁੰਦਿ ਸੱਸਾ ਮੁਕਤਾ ਬੋਲਣਾ। ਜਾਣੀ-ਅਹਿ ਐੜਾ ਮੁਕਤਾ ਬੋਲ ਕੇ, ਹਾਹੇ ਸਿਹਾਰੀ ਸੰਕੋਚ ਕੇ ਬੋਲੋ- ਨਦੀਆ ਅਤੈ ਵਾਹ; ਪਵਹਿ ਸਮੁੰਦਿ, ਨ ਜਾਣੀਅਹਿ॥) ਸਮੁੰਦ ਸੱਸੇ ਔਂਕੜ ਨ ਲਾਉ। ਧਨੁ ਪੋਲਾ। ਸਾਹ ਸੱਸੇ ਪੈਰ ਬਿੰਦੀ ਨਹੀਂ ਲਾਉਣੀ, ਕੰਨਾ ਦੀਰਘ ਲਾ ਕੇ, ਹਾਹਾ ਮੁਕਤਾ ਲਘੂ ਬੋਲੋ-ਸਮੁੰਦ ਸਾਹ ਸੁਲਤਾਨ; ਗਿਰਹਾ ਸੇਤੀ ਮਾਲੁ ਧਨੁ॥) ਤੁੱਲਿ, ਵੀਸਰ-ਹਿ- ਕੀੜੀ ਤੁਲਿ ਨ ਹੋਵਨੀ; ਜੇ ਤਿਸੁ, ਮਨਹੁ ਨ ਵੀਸਰਹਿ॥ ੨੩॥

ਪਉੜੀ ੨੪. ਅੰਤੁ ਔਂਕੜ ਲਾਉ। ਕਹ-ਣਿ- ਅੰਤੁ ਨ. ਸਿਫਤੀ; ਕਹਣਿ. ਨ ਅੰਤੁ॥ ਅੰਤੁ ਨ. ਕਰਣੈ; ਦੇਣਿ. ਨ ਅੰਤੁ॥) ਸੁਣ-ਣਿ ਣਾਣੇ ਬੋਲੋ- ਅੰਤੁ ਨਾ. ਵੇਖਣਿ; ਸੁਣਣਿ. ਨ ਅੰਤੁ॥ ਅੰਤੁ ਨ ਜਾਪੈ; ਕਿਆ ਮਨਿ ਮੰਤੁ॥ ਅੰਤੁ ਨ ਜਾਪੈ; ਕੀਤਾ ਆਕਾਰੁ॥ ਅੰਤੁ ਨ ਜਾਪੈ; ਪਾਰਾਵਾਰੁ॥ ਅੰਤ ਕਾਰਣਿ; ਕੇਤੇ ਬਿਲਲਾਹਿ॥ ਤਾ ਕੇ ਅੰਤ; ਨ ਪਾਏ ਜਾਹਿ॥ ਏਹੁ ਅੰਤੁ; ਨ ਜਾਣੈ ਕੋਇ॥ ਬਹੁਤਾ ਕਹੀਐ; ਬਹੁਤਾ ਹੋਇ॥) ਵਡਾ ਸਾਹਿਬੁ; ਊਚਾ ਥਾਉ॥) ਉੱਪਰਿ-ਊਚੇ ਉਪਰਿ; ਊਚਾ ਨਾਉ॥) ਏ-ਵੱਡੁ- ਏਵਡੁ ਊਚਾ; ਹੋਵੈ ਕੋਇ॥ ਤਿਸੁ ਊਚੇ ਕਉ; ਜਾਣੈ ਸੋਇ॥) ਜੇ-ਵੱਡੁ- ਜੇਵਡੁ ਆਪਿ; ਜਾਣੈ ਆਪਿ ਆਪਿ॥ ਨਾਨਕ ਨਦਰੀ; ਕਰਮੀ ਦਾਤਿ॥ ੨੪॥

ਪਉੜੀ ੨੫. ਬਹੁਤਾ ਕਰਮੁ; ਲਿਖਿਆ ਨਾ ਜਾਇ॥) ਤਿਲੁ ਪੋਲਾ- ਵਡਾ ਦਾਤਾ; ਤਿਲੁ ਨ ਤਮਾਇ॥) ਕੇਤੇ, ਜੋਧ ਜੱਜਾ ਕਸਕੇ ਬੋਲੋ, ਢਿੱਲਾ ਬੋਲਣ ਨਾਲ ਯ ਲੱਗ ਜਾਵੇਗਾ- ਕੇਤੇ ਮੰਗਹਿ; ਜੋਧ

ਅਪਾਰ॥ ਕੇਤਿਆ ਗਣਤ; ਨਹੀ ਵੀਚਾਰੁ॥) ਖਪਿ ਪੋਲਾ, ਤੁੱਟਹਿ- ਕੇਤੇ; ਖਪਿ ਤੁਟਹਿ ਵੇਕਾਰ॥) ਮੁਕਰੁ ਪੋਲਾ ਬੋਲਣ ਨਾਲ, ਅਰਥ ਸ਼ੀਸ਼ਾ ਹੈ। ਇਸ ਕਰਕੇ ਮੁੱਕਰੁ ਬੋਲੋ- ਕੇਤੇ; ਲੈ ਲੈ ਮੁਕਰੁ ਪਾਹਿ॥ ਕੇਤੇ ਮੂਰਖ; ਖਾਹੀ ਖਾਹਿ॥ ਕੇਤਿਆ; ਦੂਖ ਭੂਖ ਸਦ ਮਾਰ॥) ਏਹਿ ਲਾ ਲੰਬੀ ਬੋਲ ਕੇ ਹਾਹੇ ਸਿਹਾਰੀ ਲਘੂ ਬੋਲੋ- ਏਹਿ ਭਿ ਦਾਤਿ ਤੇਰੀ; ਦਾਤਾਰ॥ ਬੰਦਿ ਖਲਾਸੀ; ਭਾਣੈ ਹੋਇ॥ ਹੋਰੁ; ਆਖਿ ਨ ਸਕੈ ਕੋਇ॥) [1]ਮੂਰਖ- ਜੇ ਕੋ [1]ਖਾਇਕੁ; ਆਖਣਿ ਪਾਇ॥) [1]ਜਿਤਨੀਆਂ- ਓਹੁ ਜਾਣੈ; [1]ਜੇਤੀਆ ਮੁਹਿ ਖਾਇ॥ ਆਪੇ ਜਾਣੈ; ਆਪੇ ਦੇਇ॥ ਆਖਹਿ; ਸਿ ਭਿ ਕੇਈ ਕੇਇ॥) ਪਾਤਿਸਾਹੀ ਪਾਤਿਸਾਹੁ, ਸੱਸਿਆਂ ਪੈਰਾਂ 'ਚ ਬਿੰਦੀਆਂ ਨਹੀਂ ਲਾਉਣੀਆਂ- ਜਿਸਨੋ ਬਖਸੇ; ਸਿਫਤਿ ਸਾਲਾਹ॥) ਨਾਨਕ; ਪਾਤਿਸਾਹੀ ਪਾਤਿਸਾਹੁ॥ ੨੫॥

ਪਉੜੀ ੨੬. ਅਮੁੱਲ, ਅਮੁੱਲਿ, ਅਮੁੱਲਾ, ਅਮੁੱਲੁ, ਅਮੁੱਲੋ ਅਧਕ ਨਾਲ ਬੋਲੋ, ਅਮੁਲ ਲੱਲੇ ਔਂਕੜ ਨਹੀਂ ਲਾਉਣਾ। [1]ਅਮੋਲਕ- [1]ਅਮੁਲ ਗੁਣ; ਅਮੁਲ ਵਾਪਾਰ॥ ਅਮੁਲ ਵਾਪਾਰੀਏ; ਅਮੁਲ ਭੰਡਾਰ॥ ਅਮੁਲ ਆਵਹਿ; ਅਮੁਲ ਲੈ ਜਾਹਿ॥ ਅਮੁਲ ਭਾਇ; ਅਮੁਲਾ ਸਮਾਹਿ॥ ਅਮੁਲੁ ਧਰਮੁ; ਅਮੁਲੁ ਦੀਬਾਣੁ॥) ਲੱਲਿਆਂ ਔਂਕੜ ਬੋਲੋ। ਤੁੱਲੁ- ਅਮੁਲੁ ਤੁਲੁ; ਅਮੁਲੁ ਪਰਵਾਣੁ॥ ਅਮੁਲੁ ਬਖਸੀਸ; ਅਮੁਲੁ ਨੀਸਾਣੁ॥ ਅਮੁਲੁ ਕਰਮੁ; ਅਮੁਲੁ ਫੁਰਮਾਣੁ॥ ਅਮੁਲੋ ਅਮੁਲੁ; ਆਖਿਆ ਨ ਜਾਇ॥ ਆਖਿ ਆਖਿ; ਰਹੇ ਲਿਵ ਲਾਇ॥) (ਆਖ਼ਹਿ) ਖੱਖਾ ਮੁਕਤਾ ਬੋਲਣਾ, ਦੁਲਾਂ ਨਹੀਂ ਲਾਉਣੀਆਂ- ਆਖਹਿ ਵੇਦ; ਪਾਠ ਪੁਰਾਣ॥ ਆਖਹਿ; ਪੜੇ ਕਰਹਿ ਵਖਿਆਣ॥ ਆਖਹਿ ਬਰਮੇ; ਆਖਹਿ ਇੰਦ॥) ਅਤੇ[1]- ਆਖਹਿ ਗੋਪੀ; ਤੈ[1] ਗੋਵਿੰਦ॥ ਆਖਹਿ ਈਸਰ; ਆਖਹਿ ਸਿਧ॥) [1]ਬੁੱਧ, ਬੁੱਧੀਵਾਨ, ਬੁੱਧ ਨਛੱਤਰ, ਬੋਧਾ ਅਵਤਾਰ- ਆਖਹਿ; ਕੇਤੇ ਕੀਤੇ [1]ਬੁਧ॥) ਆਖਹਿ ਦਾਨਵ; ਆਖਹਿ ਦੇਵ॥) ਆਪ ਜੀ ਤੋਂ ਅਪਣੇ ਸੀਸ ਕੁਰਬਾਨ ਕਰਨ ਵਾਲੇ ਅਨੇਕ ਸੇਵਕ[1]- ਆਖਹਿ ਸੁਰਿ ਨਰ; ਮੁਨਿ ਜਨ [1]ਸੇਵ॥) ਕੇਤੇ ਆਖਹਿ; ਆਖਣਿ ਪਾਹਿ॥) ਕਹਿ ਕੱਕਾ ਮੁਕਤਾ ਹਾਹੇ ਸਿਹਾਰੀ ਬੋਲੋ। ਉੱਠਿ ਉੱਠਿ ਸਿਹਾਰੀਆਂ ਲਾਉ- ਕੇਤੇ ਕਹਿ ਕਹਿ; ਉਠਿ ਉਠਿ ਜਾਹਿ॥) ਏੱਤੇ, ਕ਼ੇਹਿ ਰਾਰੇ ਲਾਂ ਲੰਬੀ ਬੋਲ ਕੇ ਹਿ ਬੋਲੋ- ਏਤੇ ਕੀਤੇ; ਹੋਰਿ ਕਰੇਹਿ॥) ਤਾ ਅਰਥ ਸੇਕ ਹੈ, ਇਸ ਲਈ ਤਾਂ ਬੋਲੋ। ਸਕ਼ਹਿ ਪੋਲਾ- ਤਾ. ਆਖਿ ਨ ਸਕਹਿ; ਕੇਈ ਕੇਇ॥) ਜੇਵੱਡੁ, ਤੇਵੱਡੁ- ਜੇਵਡੁ ਭਾਵੈ; ਤੇਵਡੁ ਹੋਇ॥ ਨਾਨਕ ਜਾਣੈ; ਸਾਚਾ ਸੋਇ॥ ਜੇ ਕੋ ਆਖੈ; ਬੋਲੁ ਵਿਗਾੜੁ॥) ਗਾ਼ਵਾ਼ਰਾ। [1]ਸ਼੍ਰੋਮਣੀ। [2]ਮੂਰਖ- ਤਾ ਲਿਖੀਐ; [1]ਸਿਰਿ [2]ਗਾਵਾਰਾ ਗਾਵਾਰੁ॥ ੨੬॥

ਪਉੜੀ ੨੭. ਸੋ ਦਰੁ ਕੇਹਾ, ਸੋ ਘਰੁ ਕੇਹਾ; ਜਿਤੁ ਬਹਿ ਸਰਬ ਸਮਾਲੇ॥) ਵਾਵਣ਼ਹਾਰੇ- ਵਾਜੇ ਨਾਦ ਅਨੇਕ ਅਸੰਖਾ; ਕੇਤੇ ਵਾਵਣਹਾਰੇ॥ ਕੇਤੇ.ਰਾਗ ਪਰੀ ਸਿਉ ਕਹੀਅਨਿ; ਕੇਤੇ ਗਾਵਣਹਾਰੇ॥) ਗਾਵ਼ਹਿ ਵਾਵੇ ਦੁਲਾਵਾਂ ਨਹੀਂ ਲਾਉਣੀਆਂ, ਮੁਕਤਾ ਬੋਲੋ, ਹਾਹੇ ਸਿਹਾਰੀ ਲਾਉ। ਪਉਣੁ ਦੇ ਣਾਣੇ ਔਂਕੜ ਲਾਉ- ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾਧਰਮੁ ਦੁਆਰੇ॥) ਚਿੱਤੁ, ਗੁਪਤੁ ਪੋਲਾ ਤੱਤੇ ਔਂਕੜ ਲਾਉ, ਪੱਪਾ ਮੁਕਤਾ ਹੈ- ਗਾਵਹਿ ਚਿਤੁ ਗੁਪਤੁ, ਲਿਖਿ ਜਾਣਹਿ; ਲਿਖਿ ਲਿਖਿ ਧਰਮੁ ਵੀਚਾਰੇ॥) ਗਾਵਹਿ ਈਸਰੁ ਬਰਮਾ ਦੇਵੀ; ਸੋਹਨਿ ਸਦਾ ਸਵਾਰੇ॥) ਨੱਾਲੇ। ਸਭਾ ਮੰਡਲੀ[1]- ਗਾਵਹਿ ਇੰਦ, ਇਦਾਸਣਿ ਬੈਠੇ; ਦੇਵਤਿਆ [1]ਦਰਿ ਨਾਲੇ॥ ਗਾਵਹਿ ਸਿਧ. ਸਮਾਧੀ ਅੰਦਰਿ; ਗਾਵਨਿ ਸਾਧ ਵਿਚਾਰੇ॥) ਜਤੀ ਸਤੀ ਪੋਲੇ- ਗਾਵਨਿ ਜਤੀ ਸਤੀ ਸੰਤੋਖੀ; ਗਾਵਹਿ ਵੀਰ ਕਰਾਰੇ॥) ਪੜ੍ਹਨਿ, ਜੁੱਗੁ ਜੁੱਗੁ। ਨੱਾਲੇ- ਗਾਵਨਿ ਪੰਡਿਤ ਪੜਨਿ ਰਖੀਸਰ; ਜੁਗੁ ਜੁਗੁ ਵੇਦਾ ਨਾਲੇ॥) ਮੱਛ, ਪ਼ਇਆਲੇ

ਪੱਪਾ ਮੁਕਤਾ ਬੋਲੋ, ਪੱਪੇ ਸਿਹਾਰੀ ਨਹੀਂ ਲਾਉਣੀ। ¹ਮਾਤ ਲੋਕ- ਗਾਵਹਿ ਮੋਹਣੀਆ ਮਨੁ ਮੋਹਨਿ; ਸੁਰਗਾ ¹ਮਛ ਪਇਆਲੇ॥ ਗਾਵਨਿ ਰਤਨ ਉਪਾਏ ਤੇਰੇ; ਅਠਸਠਿ ਤੀਰਥ ਨਾਲੇ॥) ਮਹਾਬਲ ਪੋਲਾ- ਗਾਵਹਿ ਜੋਧ ਮਹਾਬਲ ਸੂਰਾ; ਗਾਵਹਿ ਖਾਣੀ ਚਾਰੇ॥ ਗਾਵਹਿ ਖੰਡ ਮੰਡਲ ਵਰਭੰਡਾ; ਕਰਿ ਕਰਿ ਰਖੇ ਧਾਰੇ॥) ਤੁਧੁਨੋ, ਧੱਦੇ ਔਂਕੜ ਲਾਓ। ਰੱਤੇ- ਸੇਈ ਤੁਧੁਨੋ ਗਾਵਹਿ, ਜੋ ਤੁਧੁ ਭਾਵਨਿ; ਰਤੇ ਤੇਰੇ ਭਗਤ ਰਸਾਲੇ॥) ਚਿੱਤਿ ਤੱਤੇ ਸਿਹਾਰੀ ਬੋਲੋ- ਹੋਰਿ ਕੇਤੇ ਗਾਵਨਿ, ਸੇ. ਮੈ ਚਿਤਿ ਨ ਆਵਨਿ; ਨਾਨਕੁ. ਕਿਆ ਵੀਚਾਰੇ॥ ਸੋਈ ਸੋਈ ਸਦਾ ਸਚੁ ਸਾਹਿਬੁ; ਸਾਚਾ ਸਾਚੀ ਨਾਈ॥ ਹੈ ਭੀ ਹੋਸੀ, ਜਾਇ ਨ ਜਾਸੀ; ਰਚਨਾ ਜਿਨਿ ਰਚਾਈ॥ ਰੰਗੀ ਰੰਗੀ ਭਾਤੀ, ਕਰਿ ਕਰਿ ਜਿਨਸੀ; ਮਾਇਆ ਜਿਨਿ ਉਪਾਈ॥ ਕਰਿ ਕਰਿ ਵੇਖੈ. ਕੀਤਾ ਆਪਣਾ; ਜਿਵ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ. ਸੋਈ ਕਰਸੀ; ਹੁਕਮੁ. ਨ ਕਰਣਾ ਜਾਈ॥ ਸੋ ਪਾਤਿਸਾਹੁ. ਸਾਹਾ ਪਾਤਿਸਾਹਿਬੁ; ਨਾਨਕ.ਰਹਣੁ ਰਜਾਈ॥ ੨੭॥

ਪਉੜੀ ੨੮. ਮੁੰਦਾ ਸੰਤੋਖੁ, ਸਰਮੁ ਪਤੁ ਝੋਲੀ; ਧਿਆਨ ਕੀ. ਕਰਹਿ ਬਿਭੂਤਿ॥) ¹ਖ਼ਫਨੀ। ²ਦੇਹ-¹ਖਿੰਥਾ, ਕਾਲੁ ਕੁਆਰੀ ²ਕਾਇਆ; ਜੁਗਤਿ ਡੰਡਾ ਪਰਤੀਤਿ॥) ਜੱਗੁ- ਆਈ ਪੰਥੀ ਸਗਲ ਜਮਾਤੀ; ਮਨਿ ਜੀਤੈ ਜਗੁ ਜੀਤੁ॥) ਆ-ਦੇਸੁ। ¹ਨਮਸਕਾਰ- ¹ਆਦੇਸੁ; ਤਿਸੈ ਆਦੇਸੁ॥) ਅਨੀ-ਲੁ। ਅਨਾ-ਹਤਿ ਪੋਲਾ, ਤੱਤੇ ਸਿਹਾਰੀ ਲਾਓ। ਜੁੱਗੁ ਜੁੱਗੁ- ਆਦਿ ਅਨੀਲੁ. ਅਨਾਦਿ ਅਨਾਹਤਿ; ਜੁਗੁ ਜੁਗੁ ਏਕੋ ਵੇਸੁ॥ ੨੮॥

ਪਉੜੀ ੨੯. ਭੁਗ-ਤਿ ਪੋਲਾ, ਘਟਿ ਘਟਿ ਪੋਲੇ। ਵੱਾਜਹਿ ਮਿਲਵਾ- ਭੁਗਤਿ ਗਿਆਨੁ, ਦਇਆ ਭੰਡਾਰਣਿ; ਘਟਿ ਘਟਿ ਵਾਜਹਿ ਨਾਦ॥) ਨੱਾਥੀ, ਰਿੱਧਿ ਸਿੱਧਿ- ਆਪਿ ਨਾਥੁ, ਨਾਥੀ ਸਭ ਜਾ ਕੀ; ਰਿਧਿ ਸਿਧਿ ਅਵਰਾ ਸਾਦ॥) ਦੁਇ ਈੜੀ ਸਿਹਾਰੀ ਸੰਕੋਚ ਕੇ ਬੋਲੋ- ਸੰਜੋਗੁ ਵਿਜੋਗੁ ਦੁਇ, ਕਾਰ ਚਲਾਵਹਿ; ਲੇਖੇ ਆਵਹਿ ਭਾਗ॥ ਆਦੇਸੁ; ਤਿਸੈ ਆਦੇਸੁ॥) ਜੁੱਗੁ ਜੁੱਗੁ- ਆਦਿ ਅਨੀਲੁ. ਅਨਾਦਿ ਅਨਾਹਤਿ; ਜੁਗੁ ਜੁਗੁ ਏਕੋ ਵੇਸੁ॥ ੨੯॥

ਪਉੜੀ ੩੦. ਏਕਾ ਮਾਈ.ਜੁਗਤਿ ਵਿਆਈ; ਤਿਨਿ ਚੇਲੇ ਪਰਵਾਣੁ॥ ਇਕੁ ਸੰਸਾਰੀ.ਇਕੁ ਭੰਡਾਰੀ; ਇਕੁ ਲਾਏ ਦੀ ਬਾਣੁ॥ ਜਿਵ ਤਿਸੁ ਭਾਵੈ.ਤਿਵੈ ਚਲਾਵੈ; ਜਿਵ ਹੋਵੈ ਫੁਰਮਾਣੁ॥) ਓਹੁ ਹਾਹੇ ਔਂਕੜ- ਓਹੁ ਵੇਖੈ, ਓਨਾ ਨਦਰਿ ਨ ਆਵੈ; ਬਹੁਤਾ ਏਹੁ ਵਿਡਾਣੁ॥ ਆਦੇਸੁ; ਤਿਸੈ ਆਦੇਸੁ॥) ਜੁੱਗੁ ਜੁੱਗੁ- ਆਦਿ ਅਨੀਲੁ. ਅਨਾਦਿ ਅਨਾਹਤਿ; ਜੁਗੁ ਜੁਗੁ ਏਕੋ ਵੇਸੁ॥ ੩੦॥

ਪਉੜੀ ੩੧. ਆਸਣੁ ਲੋਇ ਲੋਇ; ਭੰਡਾਰ॥ ਜੋ ਕਿਛੁ ਪਾਇਆ; ਸੁ ਏਕਾ ਵਾਰ॥ ਕਰਿ ਕਰਿ ਵੇਖੈ; ਸਿਰਜਣਹਾਰੁ॥ ਨਾਨਕ.ਸਚੇ ਕੀ; ਸਾਚੀ ਕਾਰ॥ ਆਦੇਸੁ; ਤਿਸੈ ਆਦੇਸੁ॥) ਜੁੱਗੁ ਜੁੱਗੁ- ਆਦਿ ਅਨੀਲੁ.ਅਨਾਦਿ ਅਨਾਹਤਿ; ਜੁਗੁ ਜੁਗੁ ਏਕੋ ਵੇਸੁ॥ ੩੧॥

ਪਉੜੀ ੩੨. ਜੀਭੋਂ ਕਨੌੜਾ ਚਾੜ੍ ਕੇ ਬੋਲੋ, ਲੱਖ। ਵੀਸ ਵਾਵਾ ਭਰਵਾਂ ਬੋਲੋ, ਬੱਬਾ ਨਹੀਂ ਬੋਲਣਾ। ¹ਤੋਂ- ਇਕ ¹ਦੂ ਜੀਭੋਂ. ਲਖ ਹੋਹਿ; ਲਖ ਹੋਵਹਿ ਲਖ ਵੀਸ॥) ਲੱਖੁ ਲੱਖੁ, ਜੱਗਦੀਸ। ¹ਵਾਰੀ- ਲਖੁ ਲਖੁ ¹ਗੇੜਾ ਆਖੀਅਹਿ; ਏਕੁ ਨਾਮੁ ਜਗਦੀਸ॥) ਚੜ੍ਹੀਐ, ਇੱਕੀਸ। ¹ਚੜ੍ਨੇ ਕਰਕੇ। ²ਇੱਕ ਰਾਮ ਜੀ ਦਾ ਸਰੂਪ ਹੋਈਦਾ ਹੈ-ਏਤੁ ਰਾਹਿ, ਪਤਿ ਪਵੜੀਆ; ¹ਚੜੀਐ ਹੋਇ ²ਇਕੀਸ॥) ਗੱਲਾਂ ਆ-ਕਾਸ- ਸੁਣਿ ਗਲਾ ਆਕਾਸ ਕੀ; ਕੀਟਾ ਆਈ ਰੀਸ॥) ¹ਗੱਪਾਂ- ਨਾਨਕ.ਨਦਰੀ ਪਾਈਐ; ਕੂੜੀ.ਕੂੜੈ ¹ਠੀਸ॥ ੩੨॥

ਪਉੜੀ ੩੩. ਆਖਣਿ ਜੋਰੁ; ਚੁਪੈ. ਨਹ ਜੋਰੁ॥ ਜੋਰੁ ਨ. ਮੰਗਣਿ; ਦੇਣਿ. ਨ ਜੋਰੁ॥ ਜੋਰੁ ਨ.

ਜੀਵਣਿ; ਮਰਣਿ. ਨਹ ਜੋਰੁ॥ ਜੋਰੁ ਨ. ਰਾਜਿ ਮਾਲਿ; ਮਨਿ ਸੋਰੁ॥) ਗਿਆ=ਨਿ, ਵੀਚਾ=ਰਿ ਕੰਨੇ ਲੰਬੇ ਲਾ ਕੇ ਸਿਹਾਰੀਆਂ ਲਾਉ– ਜੋਰੁ ਨ ਸੁਰਤੀ; ਗਿਆਨਿ ਵੀਚਾਰਿ॥) ਜੁਗਤੀ ਪੋਲਾ, ਛੁੱਟੈ– ਜੋਰੁ ਨ ਜੁਗਤੀ; ਛੁਟੈ ਸੰਸਾਰੁ॥) ਜਿਸੁ ਹਥਿ ਜੋਰੁ; ਕਰਿ ਵੇਖੈ ਸੋਇ॥) ਉੱਤਮੁ, ਨੀਚੁ ਬਿਹਾਰੀ ਲੰਬੀ ਬੋਲ ਕੇ, ਚੱਚੇ ਔਂਕੜ ਲਾਉ– ਨਾਨਕ; ਉਤਮੁ ਨੀਚੁ ਨ ਕੋਇ॥ ੩੩॥

ਪਉੜੀ ੩੪. ਰੱਾਤੀ, ਰੁੱਤੀ, ਥਿੱਤੀ– ਰਾਤੀ ਰੁਤੀ; ਥਿਤੀ ਵਾਰ॥ ਪਵਣ ਪਾਣੀ; ਅਗਨੀ ਪਾਤਾਲ॥ ਤਿਸੁ ਵਿਚਿ, ਧਰਤੀ ਥਾਪਿ ਰਖੀ; ਧਰਮਸਾਲ॥ ਤਿਸੁ ਵਿਚਿ; ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ; ਅਨੇਕ ਅਨੰਤ॥ ਕਰਮੀ ਕਰਮੀ; ਹੋਇ ਵੀਚਾਰੁ॥ ਸਚਾ ਆਪਿ; ਸਚਾ ਦਰਬਾਰੁ॥ ਤਿਥੈ ਸੋਹਨਿ; ਪੰਚ ਪਰਵਾਣੁ॥ ਨਦਰੀ ਕਰਮਿ; ਪਵੈ ਨੀਸਾਣੁ॥ ਕਚ ਪਕਾਈ; ਓਥੈ ਪਾਇ॥ ਨਾਨਕ; ਗਇਆ ਜਾਪੈ ਜਾਇ॥ ੩੪॥

ਪਉੜੀ ੩੫. ਧਰਮ ਖੰਡ ਕਾ; ਏਹੋ ਧਰਮੁ॥ ਗਿਆਨ ਖੰਡ ਕਾ; ਆਖਹੁ ਕਰਮੁ॥ ਕੇਤੇ ਪਵਣ ਪਾਣੀ ਵੈਸੰਤਰ; ਕੇਤੇ ਕਾਨ ਮਹੇਸ॥ ਕੇਤੇ ਬਰਮੇ ਘਾੜਤਿ ਘੜੀਅਹਿ; ਰੂਪ ਰੰਗ ਕੇ ਵੇਸ॥) ਕਰਮ=ਭੂਮੀ। [1]ਧਰੂ.ਭਗਤਜੀ– ਕੇਤੀਆ ਕਰਮਭੂਮੀ, ਮੇਰ ਕੇਤੇ; ਕੇਤੇ [1]ਧੂ, ਉਪਦੇਸ॥ ਕੇਤੇ ਇੰਦ ਚੰਦ, ਸੂਰ ਕੇਤੇ; ਕੇਤੇ ਮੰਡਲ ਦੇਸ॥ ਕੇਤੇ ਸਿਧ ਬੁਧ, ਨਾਥ ਕੇਤੇ; ਕੇਤੇ ਦੇਵੀ ਵੇਸ॥ ਕੇਤੇ ਦੇਵ ਦਾਨਵ, ਮੁਨਿ ਕੇਤੇ; ਕੇਤੇ ਰਤਨ ਸਮੁੰਦ॥) [1]ਤਖ਼ਤ [2]ਰਾਜੇ– ਕੇਤੀਆ ਖਾਣੀ, ਕੇਤੀਆ ਬਾਣੀ; ਕੇਤੇ [1]ਪਾਤ [2]ਨਰਿੰਦ॥ ਕੇਤੀਆ ਸੁਰਤੀ.ਸੇਵਕ ਕੇਤੇ; ਨਾਨਕ.ਅੰਤੁ ਨ ਅੰਤੁ॥ ੩੫॥

ਪਉੜੀ ੩੬. ਗਿਆਨ ਖੰਡ ਮਹਿ; ਗਿਆਨੁ ਪਰਚੰਡੁ॥ ਤਿਥੈ ਨਾਦ ਬਿਨੋਦ; ਕੋਡ ਅਨੰਦੁ॥ ਸਰਮ ਖੰਡ ਕੀ; ਬਾਣੀ ਰੂਪੁ॥ ਤਿਥੈ ਘਾੜਤਿ ਘੜੀਐ; ਬਹੁਤੁ ਅਨੂਪੁ॥ ਤਾ ਕੀਆ ਗਲਾ; ਕਥੀਆ ਨਾ ਜਾਹਿ॥ ਜੇ ਕੋ ਕਹੈ; ਪਿਛੈ ਪਛੁਤਾਇ॥) ਸਿਹਾਰੀਆਂ ਲਾਉ– ਤਿਥੈ ਘੜੀਐ; ਸੁਰਤਿ ਮਤਿ ਮਨਿ ਬੁਧਿ॥) ਸੁੱਧਿ– ਤਿਥੈ ਘੜੀਐ; ਸੁਰਾ ਸਿਧਾ ਕੀ ਸੁਧਿ॥ ੩੬॥

ਪਉੜੀ ੩੭. ਕਰਮ ਖੰਡ ਕੀ; ਬਾਣੀ ਜੋਰੁ॥ ਤਿਥੈ; ਹੋਰੁ ਨ ਕੋਈ ਹੋਰੁ॥ ਤਿਥੈ; ਜੋਧ ਮਹਾਬਲ ਸੂਰ॥ ਤਿਨ ਮਹਿ; ਰਾਮੁ ਰਹਿਆ ਭਰਪੂਰ॥) ਸੀਤੋ ਸੀਤਾ ਦਰਮਿਆਨਾ– ਤਿਥੈ; ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ; ਨ ਕਥਨੇ ਜਾਹਿ॥) ਮਰ=ਹਿ– ਨਾ ਓਹਿ ਮਰਹਿ; ਨ ਠਾਗੇ ਜਾਹਿ॥) ਵਸੈ ਪੋਲਾ– ਜਿਨ ਕੈ; ਰਾਮੁ ਵਸੈ ਮਨ ਮਾਹਿ॥) ਵਸ=ਹਿ ਪੋਲਾ– ਤਿਥੈ ਭਗਤ ਵਸਹਿ; ਕੇ ਲੋਅ॥) ਕਰ=ਹਿ– ਕਰਹਿ ਅਨੰਦੁ; ਸਚਾ ਮਨਿ ਸੋਇ॥) ਵਸੈ ਦੇਲ੍ਹੀ ਦੀਪਕ ਹੈ। ਸੱਚਖੰਡਿ– ਸਚਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ; ਨਦਰਿ ਨਿਹਾਲ॥ ਤਿਥੈ ਖੰਡ ਮੰਡਲ; ਵਰਭੰਡ॥ ਜੇ ਕੋ ਕਥੈ; ਤ. ਅੰਤ ਨ ਅੰਤ॥ ਤਿਥੈ. ਲੋਅ ਲੋਅ; ਆਕਾਰ॥ ਜਿਵ ਜਿਵ ਹੁਕਮੁ; ਤਿਵੈ ਤਿਵ ਕਾਰ॥) ਵਿਗਸੈ ਪੋਲਾ– ਵੇਖੈ ਵਿਗਸੈ; ਕਰਿ ਵੀਚਾਰੁ॥ ਨਾਨਕ ਕਥਨਾ; ਕਰੜਾ ਸਾਰੁ॥ ੩੭॥

ਪਉੜੀ ੩੮. ਜਤੁ ਪੋਲਾ – ਜਤੁ ਪਾਹਾਰਾ; ਧੀਰਜੁ ਸੁਨਿਆਰੁ॥) ਅਹ ਮੁਕਤੇ ਬੋਲ ਕੇ, ਰਣਿ ਣਾਣੇ ਨੂੰ ਸਿਹਾਰੀ ਲਾ ਕੇ, ਅਹ=ਰਣਿ ਬੋਲੋ। ਹਥੀ=ਆਰੁ ਥੱਥੇ ਦੀ ਬਿਹਾਰੀ ਦੱਬ ਕੇ ਬੋਲੋ, ਹਾਹੇ 'ਤੇ ਅਧਕ ਨਹੀਂ ਲਾਉਣਾ– ਅਹਰਣਿ ਮਤਿ; ਵੇਦੁ ਹਥੀਆਰੁ॥) ਖੱਲਾ, ਸੁਨਿਆਰ ਦਾ ਇੱਕੋ ਹੀ ਖੱਲਾ ਹੁੰਦਾ ਹੈ। ਖਲਾਂ ਨਹੀਂ ਕਰਨਾ, ਖਲਾਂ ਦਾ ਅਰਥ ਮੂਰਖਾਂ ਹੈ– ਭਉ ਖਲਾ; ਅਗਨਿ ਤਪ ਤਾਉ॥) ਤਿਤੁ ਦਰਮਿਆਨਾ–ਭਾਂਡਾ ਭਾਉ; ਅੰਮ੍ਰਿਤੁ ਤਿਤੁ ਢਾਲਿ॥) ਟਕਸਾਲ ਪੋਲਾ– ਘੜੀਐ ਸਬਦੁ; ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ; ਤਿਨ ਕਾਰ॥ ਨਾਨਕ ਨਦਰੀ; ਨਦਰਿ ਨਿਹਾਲ॥ ੩੮॥

ਸੱਸਾ ਮੁਕਤਾ ਸਵਾਰ ਕੇ ਬੋਲੋ, ਹੋੜਾ ਬੋਲ ਕੇ, ਕੱਕੇ ਔਂਕੜ ਸੰਕੋਚ ਕੇ ਲਾਉ– ਸਲੋਕੁ॥) ਮਹੱਤੁ, ਮਾਤਾ ਪੋਲਾ। ¹ਵੱਡੀ– ਪਵਣੁ ਗੁਰੂ, ਪਾਣੀ ਪਿਤਾ; ਮਾਤਾ ਧਰਤਿ ¹ਮਹਤੁ॥) ਖੇ੍ਲੈ– ਜਗੱਤੁ ਨਹੀਂ ਬੋਲਣਾ, ਜਗਤੁ ਪੋਲਾ–ਦਿਵਸੁ ਰਾਤਿ ਦੁਇ, ਦਾਈ ਦਾਇਆ; ਖੇਲੈ ਸਗਲ ਜਗਤੁ॥ ਚੰਗਿਆਈਆ ਬੁਰਿਆਈਆ; ਵਾਚੈ ਧਰਮੁ ਹਦੂਰਿ॥ ਕਰਮੀ ਆਪੋ ਆਪਣੀ; ਕੇ ਨੇੜੈ ਕੇ ਦੂਰਿ॥) ਮ੍ਸੱਕਤਿ– ਜਿਨੀ. ਨਾਮੁ ਧਿਆਇਆ; ਗਏ ਮਸਕਤਿ ਘਾਲਿ॥) ਉੱਜਲੇ, ਕੇੱਤੀ, ਛੁੱਟੀ– ਨਾਨਕ. ਤੇ ਮੁਖ ਉਜਲੇ; ਕੇਤੀ ਛੁਟੀ ਨਾਲਿ॥ ੧॥ ॥) ਸ੍ਰੀ ਜਪੁਜੀ ਸਾਹਿਬ ਜੀ ਸੰਪੂਰਨੰ।

੨੨. ਸੋਦਰੁ ਰਾਗੁ ਆਸਾ ਮਹਲਾ ੧ ੧ੴ ਸਤਿਗੁਰ ਪ੍ਰਸਾਦਿ॥

ਸ੍ਰੀ ਰਹ੍ਰਾਸਿ ਸਾਹਿਬ ਜੀ ਗੁਰਪ੍ਰਸਾਦਿ ਅਰੰਭ– ਸੂਰਜ ਛਿਪਦਿਆਂ ਹੀ, ਜਿਨ੍ਾਂ ਗੁਰਸਬਦਾਂ ਦਾ ਨਿੱਤਨੇਮ ਕੀਤਾ ਜਾਂਦਾ ਹੈ, ਉਨ੍ਾਂ ਦੇ ਸੰਗ੍ਰਹਿ ਨੂੰ ਰਹ੍ਰਾਸਿ ਕਹਿੰਦੇ ਹਨ, ਇਨ੍ਾਂ 'ਚ ਸੋਦਰ, ਸੋ ਪੁਰਖ, ਬੇਨਤੀ ਚੌਪਈ, ਮੁੰਦਾਵਣੀ ਦਾ ਅੰਮ੍ਰਿਤ ਪਾਠ ਹੈ। (ਰਹਰਾਸਿ¹) ਪ੍ਾਰਥਨਾ¹ ਪ੍ਰੇਮ–ਬਿਨੈ¹, ਗੁਰਮਤਿ ਵਾਹਿਗੁਰੂ ਜੀ ਪ੍ਾਪਤੀ ਦਾ ਸਿੱਧਾ ਰਾਹ¹। (ਰਹ+ਰਾਸਿ) ਜਿਸ ਕਰਕੇ ਪ੍ਰੇਮਸਰ ਨਾਲ ਸਰਧਾ ਰੂਪੀ (ਰਾਸਿ) ਪੂੰਜੀ, ਸੱਚਿਆਈ ਰਹ ਆਵੇ। ਗੁਰਮਤਿ ਨਾਮੁ.ਮੇਰਾ ਪ੍ਾਨ ਸਖਾਈ; ਹਰਿ ਕੀਰਤਿ. ਹਮਰੀ ¹ਰਹਰਾਸਿ॥ ੧॥ ਰਹਾਉ॥ ਇਸ ਤੁਕ ਤੋਂ ਰਹਰਾਸਿ ਨਾਮ ਰੱਖਿਆ ਹੈ, (ਰਹੁਰਾਸ, ਰਹਿਰਾਸ ਨਹੀਂ ਕਹਿਣਾ। ਸਤਿਗੁਰਾਂ ਦੇ ਲਿਖੇ ਅਨੁਸਾਰ ਰਹ੍ਰਾਸਿ ਰਹ ਮੁਕਤੇ ਬੋਲ ਕੇ, ਰਾਰੇ ਕੰਨਾ, ਸੱਸੇ ਸਿਹਾਰੀ ਲਾਉ।)

ਸਲੋਕੁ ਮਃ ੧॥ ਦੁਖੁ ਦਾਰੂ. ਸੁਖੁ ਰੋਗੁ ਭਇਆ; ਜਾ ਸੁਖੁ. ਤਾਮਿ ਨ ਹੋਈ॥ ਤੂੰ ਕਰਤਾ ਕਰਣਾ. ਮੈ ਨਾਹੀ; ਜਾ ਹਉ ਕਰੀ. ਨ ਹੋਈ॥ ੧॥ ਬਲਿਹਾਰੀ ਕੁਦਰਤਿ ਵਸਿਆ; ਤੇਰਾ. ਅੰਤੁ ਨ ਜਾਈ ਲਖਿਆ॥ ੧॥ ਰਹਾਉ॥) ਕਲਪਣਾ ਰਹਿਤ ਬ੍ਰਹਮ¹– ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ; ਅਕਲ¹ ਕਲਾ ਭਰਪੂਰਿ ਰਹਿਆ॥ ਤੂੰ ਸਚਾ ਸਾਹਿਬੁ. ਸਿਫਤਿ ਸੁਆਲ੍ਿਉ; ਜਿਨਿ ਕੀਤੀ. ਸੋ ਪਾਰਿ ਪਇਆ॥ ਕਹੁ ਨਾਨਕ. ਕਰਤੇ ਕੀਆ ਬਾਤਾ; ਜੋ ਕਿਛੁ ਕਰਣਾ ਸੁ ਕਰਿ ਰਹਿਆ॥ ੨॥ ੧॥ (੪੬੯)

ਔਂਸਾ– ਸੋਦਰੁ ਰਾਗੁ ਆਸਾ ਮਹਲਾ ੧ ੧ੴ ਸਤਿਗੁਰ ਪ੍ਰਸਾਦਿ॥ ਸੋਦਰੁ ਬਾਣੀ ਦਾ ਨਾਮ ਹੈ, ਸੋਦਰੁ ਦਾ ਉਚਾਰਨ ੩੪੭ ਅੰਗ 'ਤੇ ਆਸਾ ਰਾਗ 'ਚ ਭੀ ਕੀਤਾ ਹੈ। ਸਾਰੀ ਗੁਰਬਾਣੀ ੩੧ ਰਾਗਾਂ 'ਚ ਉਚਾਰੀ ਹੈ।

ਮਹੱਲਾ ਉਚਾਰਨ ਬਾਰੇ ਪ੍ਰੇਮ ਬੇਨਤੀ– ਅਰਬੀ 'ਚ (ਮਹੱਲਾ) ਬਾਦਸ਼ਾਹ, ਸੰਸਕ੍ਿਤ 'ਚ (ਮਹੱਲਾ) ਸਰੂਪ ਹੈ। ਪਹਿਲੇ ਬਾਦਸ਼ਾਹ, ਦੂਜੇ ਬਾਦਸ਼ਾਹ, ਤੀਜੇ ਬਾਦਸ਼ਾਹ ਆਦਿ ਨਿਸਚੇ ਕਰਕੇ ਸਤਿਗੁਰਾਂ ਦਾ ਵਾਚਿਕ ਹੈ। ਪਰਮਪੂਜਨੀਕ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਅਕਾਲ ਦੇ ਅਨੇਕਾਂ ਨਾਮ, ਰਾਮ ਭਗਵਾਨ, ਖੁਦਾਇ, ਭਗਵੰਤ, ਨਿਰਵੈਰੁ, ਕੇਸਵ, ਹਰਿ ਆਦਿ ਜਿਤਨੇ ਵੀ ਉਸਤਤ ਰੂਪ ਨਾਮ ਹਨ, ਸਾਰੇ ਦੇ ਸਾਰੇ ਹੀ ਪੁਲਿੰਗ ਹਨ। ਅਕਾਲ ਪੁਰਖ ਜੀ ਅਤੇ ਸ੍ਰੀ ਗੁਰੂ ਜੀ ਅਭੇਦ ਇੱਕ ਜੋਤਿ ਹਨ, ਇਸ ਲਈ ਸਤਿਗੁਰਾਂ ਨੂੰ (ਮਹਲਾ) ਇਸਤ੍ਰੀ ਕਹਿਣਾ ਠੀਕ ਨਹੀਂ। ਮਹਲਾ ਦੇ ਹਾਹੇ ਸਿਹਾਰੀ ਲਾ ਕੇ, ਮਹਿਲਾ ਕਹਿਣਾ ਗ਼ਲਤੀ ਹੈ।

ਦੂਜਾ ਪ੍ਰਮਾਣ–ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਚੱਲੀ, ਸ੍ਰੀ ਦਮਦਮੀ ਟਕਸਾਲ 'ਚ, ਸੀਨੇ ਬਸੀਨੇ ਮਹੱਲਾ ਹੀ ਸੰਥਾ ਕਰਵਾਈ ਜਾਂਦੀ ਹੈ। ਸੋ ਸਵਾ ਲੱਖ ਨਾਲ, ਇੱਕ ੨ ਸਿੰਘ ਨੂੰ

ਲੜਾਉਣ ਵਾਲੇ ਸਤਿਗੁਰਾਂ ਨੇ, ਆਪ ਸੰਥਾ ਕਰਾਉਣ ਸਮੇਂ, ਮਹੱਲਾ ਅੱਖਰ ਹੀ ਵਰਤਿਆ ਹੈ। ਅਸੰਖ ਸੂਰਜਾਂ ਦੇ ਪ੍ਰਕਾਸ਼ਕ, ਸਤਿਗੁਰਾਂ ਦੇ ਪਾਸ ਜੇ ਆਪਾਂ ਬਾਣੀ ਸੁਣਾਈਏ ਤਾਂ ਸਤਿਗੁਰਾਂ ਦੀ ਪ੍ਰਸੰਨਤਾ ਮਹੱਲਾ ਸਬਦ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ ਜੀ।

ਤੀਜਾ ਪ੍ਰਮਾਣ- ਅਰਬੀ 'ਚ (ਮਹੱਲਾ) ਉੱਤਰਨੇ ਦੀ ਥਾਂ। ਸਤਿਗੁਰੂ ਪਹਿਲੇ ਪਾਤਿਸਾਹ ਜੀ ਦੇ ਰਿਦੇ 'ਚ, ਵਾਹਿਗੁਰੂ ਜੀ ਉੱਤਰੇ। ਸਤਿਗੁਰੂ ਪਹਿਲੇ ਪਾਤਿਸਾਹ ਜੀ, ਸਤਿਗੁਰੂ ਦੂਜੇ ਪਾਤਿਸਾਹ ਜੀ ਦੇ ਦਿਲ 'ਚ ਉੱਤਰੇ। ਸੋ ਸਤਿਗੁਰਾਂ ਦਾ ਰਿਦਾ ਗੁਰਬਾਣੀ, ਵਾਹਿਗੁਰੂ ਜੀ ਦੇ ਉੱਤਰਨੇ ਦੀ ਥਾਂ ਹੈ, ਜਿਸ ਕਰਕੇ ਮਹੱਲਾ ਕਹਾਏ।

ਹਰਿ ਮੇਰੋ ਪਿਰੁ; ਹਉ ਹਰਿ ਕੀ ਬਹੁਰੀਆ॥ (੪੮੩) ਅਨੁਸਾਰ, ਜੇ ਸਤਿਗੁਰਾਂ ਨੇ ਅਕਾਲ ਪੁਰਖ ਜੀ, ਆਪਣੇ ਪਤੀ ਮੰਨੇ ਹਨ, ਉਹ ਜਿਸ ਸਬਦ 'ਚ ਮੰਨਿਆਂ ਹੈ, ਪ੍ਰਕਰਣ ਅਨੁਸਾਰ ਉਹ ਉੱਥੇ ਹੀ ਹੈ। ਉਸ ਦਾ ਦ੍ਰਿਸਟਾਂਤ ਮਹਿਲਾ ਸਿੱਧ ਕਰਨ ਲਈ, ਨਹੀਂ ਦੇਣਾ ਚਾਹੀਦਾ।

ਮਹੱਲਾ ਪਹਿਲਾ, ਦੂਜਾ, ਤੀਜਾ, ਚਉਥਾ, ਪੰਜਵਾਂ, ਨਾਵਾਂ ਉਚਾਰਨ ਬਾਰੇ ਸਤਿਗੁਰਾਂ ਨੇ ਆਪ ਇਉਂ ਸਪੱਸ਼ਟ ਕੀਤਾ ਹੈ- (੧੪) ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ੧॥ ਮੋਤੀ ਤ ਮੰਦਰ ਊਸਰਹਿ; ਰਤਨੀ ਤ ਹੋਹਿ ਜੜਾਉ॥ ਪਹਿਲਾ ੧ ਨੂੰ ਪਹਿਲਾ ਪਹਿਲਾ ਦੋ ਵਾਰ ਪੜ੍ਹਨਾ। (ਅੰਗ ੧੬੩) ਸਿਮਰ੍ਿਤਿ ਮੰਮਾ ਮੁਕਤਾ, ਅੱਧਾ ਰਾਰਾ੍ ਪੋਲਾ ਬੋਲ ਕੇ, ਇੱਕ ਸਿਹਾਰੀ ਅੱਧੇ ਰਾਰੇ, ਇੱਕ ਸਿਹਾਰੀ ਤੱਤੇ ਲਾਉ-ਪੰਡਿਤੁ; ਸਾਸਤ ਸਿਮ੍ਰਿਤਿ ਪੜਿਆ॥ ਜੋਗੀ; ਗੋਰਖੁ ਗੋਰਖੁ ਕਰਿਆ॥ ਮੈ ਮੂਰਖ; ਹਰਿ ਹਰਿ ਜਪੁ ਪੜਿਆ॥ ੧॥ ਅੰਕ ੪ ਨੂੰ ਚਉਥਾ ਪੜ੍ਹਨਾ।

ਵਡਹੰਸੁ ਮਹਲਾ ੩ ਮਹਲਾ ਤੀਜਾ) ਪ੍ਰਭੁ ਸਚੜਾ ਹਰਿ ਸਾਲਾਹੀਐ; ਕਾਰਜੁ ਸਭੁ ਕਿਛੁ ਕਰਣੈ ਜੋਗੁ॥ (੫੮੨) ਸੋਰਠਿ ਮਹਲਾ ੪ ਚਉਥਾ॥ (੬੦੪) ਸੋਰਠਿ ਮਹਲਾ ੧ ਪਹਿਲਾ ਦੁਤੁਕੀ॥ (੬੩੬) ਧਨਾਸਰੀ ਮਹਲਾ ੩ ਤੀਜਾ॥ (੬੬੪) ਬਸੰਤੁ ਮਹਲਾ ੩ ਤੀਜਾ॥ (੧੧੬੯)

ਮਹੱਲਾ 'ਤੇ ਅਧਕ ਲਾਉਣ ਬਾਰੇ ਪ੍ਰੇਮ ਬੇਨਤੀ- ਜਿਨੀ ਨਾਮੁ ਧਿਆਇਆ; ਗਏ ਮਸਕਤਿ ਘਾਲਿ॥) ਮਿਹਰ ਮਸੀਤਿ ਸਿਦਕੁ ਮੁਸਲਾ; ਹਕੁ ਹਲਾਲੁ ਕੁਰਾਣੁ॥ (੧੪੦) ਮਸੱਕਤਿ ਮੁਸੱਲਾ ਅਧਕ ਲਾ ਕੇ ਬੋਲਣੇ, ਇਉਂ ਮਹੱਲਾ ਵੀ ਅਧਕ ਲਾ ਕੇ ਹੀ ਬੋਲਣਾ, ਪਰ ਅਧਕ ਲਿਖਣਾ ਨਹੀਂ। ਪੜ੍ਹਨ ਵਾਲੇ ਗੁਰਮੁਖਿ ਜੀ! ਆਪ ਜੀ ਨੂੰ ਕੋਟਿ ਨਮਸਕਾਰ।

ਸੋਦਰੁ ਰਾਗੁ ਆਸਾ ਮਹਲਾ ੧ ੧ੴ ਸਤਿਗੁਰ ਪ੍ਰਸਾਦਿ॥ ਜਿਤੁ ਦਰਮਿਆਨਾ। ਸਮੱਾਲੇ- ਸੋ ਦਰੁ ਤੇਰਾ ਕੇਹਾ, ਸੋ ਘਰੁ ਕੇਹਾ; ਜਿਤੁ ਬਹਿ ਸਰਬ ਸਮਾਲੇ॥) ਵੱਾਜੇ ਕੱਤੇ। [1]ਧੁਨ [2]ਵਜਾਉਣ ਵਾਲੇ- ਵਾਜੇ ਤੇਰੇ [1]ਨਾਦ ਅਨੇਕ ਅਸੰਖਾ; ਕੇਤੇ ਤੇਰੇ [2]ਵਾਵਣਹਾਰੇ॥ ਕਹੀ=ਅਹਿ ਦਾ ਅ ਮੁਕਤਾ ਬੋਲ ਕੇ, ਹਾਹੇ ਸਿਹਾਰੀ ਲਾਉ- ਕੇਤੇ ਤੇਰੇ, ਰਾਗ ਪਰੀ ਸਿਉ ਕਹੀਅਹਿ; ਕੇਤੇ ਤੇਰੇ ਗਾਵਣਹਾਰੇ॥ ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ; ਗਾਵੈ ਰਾਜਾਧਰਮੁ ਦੁਆਰੇ॥) ਗਾ=ਵਨਿ ਨੰਨੇ ਸਿਹਾਰੀ ਲਾਉ। ਚਿੱਤੁ- ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ; ਲਿਖਿ ਲਿਖਿ ਧਰਮੁ ਬੀਚਾਰੇ॥) ਬ੍ਰੈਹਮਾ ਨਹੀਂ ਬੋਲਣਾ, ਬ੍ਰਹ ਮੁਕਤੇ ਬੋਲ ਕੇ, ਬ੍ਰਹਮਾ ਬੋਲੋ- ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ; ਸੋਹਨਿ ਤੇਰੇ ਸਦਾ ਸਵਾਰੇ॥ ਗਾਵਨਿ ਤੁਧਨੋ ਇੰਦ੍ਰ, ਇੰਦ੍ਰਾਸਣਿ ਬੈਠੇ; ਦੇਵਤਿਆ ਦਰਿ ਨਾਲੇ॥ ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ; ਗਾਵਨਿ ਤੁਧਨੋ ਸਾਧ ਬੀਚਾਰੇ॥) ਜਤੀ ਸਤੀ ਪੋਲੇ- ਗਾਵਨਿ ਤੁਧਨੋ ਜਤੀ ਸਤੀ ਸੰਤੋਖੀ; ਗਾਵਨਿ ਤੁਧਨੋ ਵੀਰ ਕਰਾਰੇ॥)

ਜਿੱਥੇ ਪੜ੍ਹਨ ਦਾ ਅਰਥ ਬਣੇ, ਉੱਥੇ ਪੜ੍ਹੇ, ਪੜ੍ਹਨ ਝਾੜਾ ਭਾਰਾ ਕਰਨਾ, ਭਾਵ ਝਾੜੇ ਨੂੰ ਹਲੰਤ ਲਾਉਣਾ। ਜਿੱਥੇ (ਪੜੇ ਪੜਨ) ਪੈਣ ਦਾ ਅਰਥ ਬਣੇ ਉੱਥੇ ਝਾੜੇ ਨੂੰ ਹਲੰਤ ਨਹੀਂ ਲਾਉਣਾ, ਪੜ੍ਹਨਿ ਜੁੱਗੁ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਖਰ ੨ ਨੂੰ ਵਾਹਿਗੁਰੂ ਗੁਰੂ ਮੰਨ ਕੇ, ਅੱਖਰ ੨ ਦਾ ਧਿਆਨ ਧਾਰ ਕੇ, ਸ੍ਰਬੱਤ ਦੇ ਭਲੇ ਹਿਤ, ਹੁਣ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪ ਰਹੇ ਹਨ ਜੀ। ਜੁੱਗੁ– ਗਾਵਨਿ ਤੁਧਨੋ, ਪੰਡਿਤ ਪੜਨਿ ਰਖੀਸੁਰ; ਜੁਗੁ ਜੁਗੁ ਵੇਦਾ ਨਾਲੇ॥) ਮੱਛੁ।

ਪ੍ਰਿਆਲੇ ਪੱਪੇ ਸਿਹਾਰੀ ਨਹੀਂ.ਮੁਕਤਾ ਬੋਲੋ। [1]ਅਪੱਛਰਾਂ– ਗਾਵਨਿ ਤੁਧਨੋ [1]ਮੋਹਣੀਆ ਮਨੁ ਮੋਹਨਿ; ਸੁਰਗੁ ਮਛੁ ਪਇਆਲੇ॥) ਗਾਵਨਿ ਤੁਧਨੋ, ਰਤਨ ਉਪਾਏ ਤੇਰੇ; ਅਠਸਠਿ ਤੀਰਥ ਨਾਲੇ॥ ਗਾਵਨਿ ਤੁਧਨੋ ਜੋਧ ਮਹਾਬਲ ਸੂਰਾ; ਗਾਵਨਿ ਤੁਧਨੋ ਖਾਣੀ ਚਾਰੇ॥) ਬ੍ਰੈਹਮੰਡਾ ਨਹੀਂ ਕਹਿਣਾ, ਬ੍ਰਹ ਮੁਕਤੇ ਬੋਲ ਕੇ ਬ੍ਰਹ੍ਮੰਡਾ ਬੋਲੋ– ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ; ਕਰਿ ਕਰਿ ਰਖੇ ਤੇਰੇ ਧਾਰੇ॥) ਰੱਤੇ– ਸੇਈ ਤੁਧਨੋ ਗਾਵਨਿ, ਜੋ ਤੁਧੁ ਭਾਵਨਿ; ਰਤੇ ਤੇਰੇ ਭਗਤ ਰਸਾਲੇ॥ ਹੋਰਿ ਕੇਤੇ ਤੁਧਨੋ ਗਾਵਨਿ, ਸੇ. ਮੈ ਚਿਤਿ ਨ ਆਵਨਿ; ਨਾਨਕੁ. ਕਿਆ ਬੀਚਾਰੇ॥ ਸੋਈ ਸੋਈ ਸਦਾ ਸਚੁ ਸਾਹਿਬੁ; ਸਾਚਾ ਸਾਚੀ ਨਾਈ॥) ਭੀ ਨੂੰ ਬੱਬਾ ਭਾਰਾ ਬ੍ਹੀ ਨਹੀਂ ਬੋਲਣਾ, ਸਾਫ਼ ਭੱਭਾ ਬੋਲੋ– ਹੈ ਭੀ ਹੋਸੀ, ਜਾਇ ਨ ਜਾਸੀ; ਰਚਨਾ ਜਿਨਿ ਰਚਾਈ॥ ਰੰਗੀ ਰੰਗੀ ਭਾਤੀ, ਕਰਿ ਕਰਿ ਜਿਨਸੀ; ਮਾਇਆ ਜਿਨਿ ਉਪਾਈ॥ ਕਰਿ ਕਰਿ ਦੇਖੈ. ਕੀਤਾ ਆਪਣਾ; ਜਿਉ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ ਸੋਈ ਕਰਸੀ; ਫਿਰਿ. ਹੁਕਮੁ ਨ ਕਰਣਾ ਜਾਈ॥) ਪਤਿ੍ਸਾਹਿਬੁ ਪੋਲਾ। 'ਰਹ੍ਣੁ'– ਸੋ ਪਾਤਿਸਾਹੁ ਸਾਹਾ ਪਤਿਸਾਹਿਬੁ; ਨਾਨਕ. ਰਹਣੁ ਰਜਾਈ॥ ੧॥

